# ਰੇਡੀਓ ਲਵੀਵਾਰ: ਜਲਵਾਯੂ ਬਦਲਾਅ – ਕਿਉਂ ਬਦਲ ਰਹੀ ਹੈਂ ਫਿਜ਼ਾਏਂ

## ਕੜੀ ਨੰ. 27

## ਜਲਵਾਯੂ ਬਦਲਾਅ ਤੇ ਆਲਮੀ ਤਪਸ਼ ਦੇ ਪ੍ਰਭਾਵ – ਫਾਇਦੇਮੰਦ ਪ੍ਰਭਾਵ !

(Impact of Climate Change –Beneficial Impact )

**ਮੁੱਖ ਖੋਜ , ਲੇਖਣ ਤੇ ਪੰਜਾਬੀ ਰੁਪਾਂਤਰ : ਭਾਰਤ ਗਿਆਨ ਵਿਗਿਆਨ ਸੰਮਤੀ, ਪੰਜਾਬ ਤੇ ਚੰਡੀਗੜ੍ਹ**

(In this episode of the Impact of the Climate Change and Global Warming- Beneficial Impact, we have discussed the two sides of the coin, with the help of a Juggler show. The gathering listens to the dialogue and tricks of the juggler and his junior, while a research schoar intervenes and explains the science behind their discussions and ultimately in order to fathom the bottom of the cauldron a renowned scientist further explains the facts and the science behind the issues being raised by a certain section of the academia and in the social media. It has become evident that Climate Change and Global Warming do have beneficial impact that are being claimed in the form of increased yield because of more carbon di oxide in the atmosphere , by making certain cold lands as cultivable ones by the rise of temperature, the issues of development , employment and economic growth have been discussed in detail and ultimate it comes out that despite some of the benefial impact, the total sum of the phenomenon is harmful for the mankind and this planet.).

(ਇਸ ਕੜੀ ਜਲਵਾਯੂ ਬਦਲਾਅ ਤੇ ਆਲਮੀ ਤਪਸ਼ ਦੇ ਪ੍ਰਭਾਵ– ਫਾਇਦੇਮੰਦ ਪ੍ਰਭਾਵ ਵਿੱਚ ਮਦਾਰੀ ਦੇ ਖੇਡ ਰਾਹੀਂ ਇਸ ਮਾਮਲੇ ਬਾਬਤ ਸਿੱਕੇ ਦੇ ਦੋਵੇਂ ਪਾਸਿਆਂ ‘ਤੇ ਚਰਚਾ ਕੀਤੀ ਹੈ । ਦਰਸ਼ਕਾਂ ਦਾ ਜਨਸਮੂਹ ਮਦਾਰੀ ਅਤੇ ਉਸਦੇ ਜਮੂਰੇ ਦੇ ਟਰਿਕ ਵੇਖ ਰਿਹਾ ਹੈ ਅਤੇ ਵਾਰਤਾਲਾਪ ਸੁਣ ਰਿਹਾ ਹੈ , ਜਦ ਇੱਕ ਖੋਜਾਰਥੀ ਦਾਖਲ ਦਿੰਦਾ ਹੈ ਅਤੇ ਇਸ ਵਾਰਤਾਲਾਪ ਦੇ ਪਿੱਛੇ ਕੰਮ ਕਰਦੀ ਵਿਗਿਆਨ ਦੇ ਨਿਯਮ ਦਸਦਾ ਹੈ । ਆਖਰਕਾਰ ਮਾਮਲੇ ਦੀ ਤਹਿ ਤੱਕ ਪਹੁੰਚਣ ਵਾਸਤੇ ਇੱਕ ਪ੍ਰਸਿੱਧ ਵਿਗਿਆਨੀ ਉਨ੍ਹਾਂ ਮੁਦਿਆਂ ‘ਤੇ ਚਰਚਾ ਕਰਦਾ ਹੈ ਜਿਹੜੇ ਅਕਾਦਮਿਕ ਮਾਹਰਾਂ ਦੇ ਇੱਕ ਹਿਸੇ ਵੱਲੋਂ ਤੇ ਸਮਾਜਿਕ ਸੰਚਾਰ ਮਧਿਅਮਾਂ ਵਿੱਚ ਆਮ ਹੀ ਪੇਸ਼ ਕੀਤੇ ਜਾਂਦੇ ਹਨ । ਇਹ ਵਿਗਿਆਨੀ ਉਨ੍ਹਾਂ ਮੁਦਿਆਂ ਬਾਬਤ ਤੱਥ ਪੇਸ਼ ਕਰਦੇ ਹਨ ਅਤੇ ਉਨ੍ਹਾਂ ਪਿੱਛੇ ਕੰਮ ਕਰਦੀ ਵਿਗਿਆਨ ਦੀ ਵਿਆਖਿਆ ਕਰਦੇ ਹਨ ! ਇਹ ਸਪਸ਼ਟ ਹੋ ਜਾਂਦਾ ਹੈ ਕਿ ਜਲਵਾਯੂ ਬਦਲਾਅ ਅਤੇ ਆਲਮੀ ਤਪਸ਼ ਦੇ ਫਾਇਦੇ ਜਿਵੇਂ ਕਿ ਕਾਰਬਨਡਾਈ ਅਕਸਾਈਡ ਦੇ ਵਧਣ ਨਾਲ ਝਾੜ ਵਧਣਾ, ਤਾਪਮਾਨ ਵਧਣ ਕਰਕੇ ਅਤਿ ਸ਼ੀਤ ਇਲਾਕਿਆਂ ਦਾ ਬੀਜਾਈ ਯੋਗ ਹੋ ਜਾਣਾ, ਹਰਿਤਘਰ ਪ੍ਰਭਾਵ ਗੈਸਾਂ ਘਟਾਉਣ ਦੀ ਦੌੜ ਵਿੱਚ ਆਰਥਿਕ ਵਿਕਾਸ ਰੁਕਣਾ, ਰੁਜਗਾਰ ਖਤਮ ਹੋ ਜਾਣਾ ਤੇ ਮੰਦੀ ਛਾਉਣਾ ਦਰੁਸਤ ਨਹੀਂ ! ਇਨ੍ਹਾਂ ਜਾਹਰਾ ਫਾਇਦਿਆਂ ਦੇ ਮੁਕਾਬਲੇ ਨੁਕਸਾਨ ਵੱਧ ਹੋਣਗੇ ਜੋ ਮਨੁੱਖ ਅਤੇ ਇਸ ਧਰਤ ਗ੍ਰਹਿ ਦੀ ਹੋਂਦ ਵਾਸਤੇ ਖਤਰਾ ਬਣ ਜਾਣਗੇ !)

## ਪਾਤਰ

**ਔਰਤ ਸੂਤਰਧਾਰ**

**ਮਰਦ ਸੂਤਰਧਾਰ**

| | | |
|---|---|---|
| **ਰਾਮੂ (12 ਸਾਲ)** | : | ਜਮੂਰਾ |
| **ਮਹੇਸ਼ (35 ਸਾਲ)** | : | ਜਾਦੂਗਰ/ਮਦਾਰੀ |
| **ਨਰੇਸ਼ (23 ਸਾਲ)** | : | ਖੋਜੀ ਵਿਦਿਆਰਥੀ |
| **ਡਾ. ਕ੍ਰਿਸ਼ਨਾ (55 ਸਾਲ)** | : | ਵਾਤਾਵਰਨ ਵਿਗਿਆਨ ਦੇ ਪ੍ਰੋਫੈਸਰ |
| **ਨੇਹਾ (27 ਸਾਲ)** | : | ਸਹਾਇਕ ਪ੍ਰੋਫੈਸਰ ਅਤੇ ਖੋਜਾਰਥੀ |

## ਸ਼ੁਰੂਆਤੀ ਐਲਾਨ

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣਾਇਆ ਜਾਵੇਗਾ)

ਜਲਵਾਯੂ ਬਦਲਾਅ, ਕਿਉਂ ਬਦਲ ਰਹੀ ਹੈਂ ਫਿਜ਼ਾਏਂ ......

(ਸੰਗੀਤ...)

**ਐਲਾਨ** : ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, ਵਿਗਿਆਨ ਲੜੀਵਾਰ **"ਕਿਉਂ ਬਦਲ ਰਹੀ ਹੈਂ ਫਿਜ਼ਾਏਂ" ਦੀ ਸਤਾਈਵੀਂ ਕੜੀ 'ਜਲਵਾਯੂ ਬਦਲਾਅ ਅਤੇ ਆਲਮੀ ਤਪਸ਼ ਦੇ ਪ੍ਰਭਾਵ-ਫਾਇਦੇਮੰਦ ਪ੍ਰਭਾਵ' !**

(ਸਿਰਲੇਖ ਗੀਤ ਦਾ ਸੰਗੀਤ...)

**ਔਰਤ ਸੂਤਰਧਾਰ** : ਹਾਂ, ਪਿਆਰੇ ਸ੍ਰੋਤਿਓ ...ਵਿਗਿਆਨ ਲੜੀਵਾਰ **"ਕਿਉਂ ਬਦਲ ਰਹੀ ਹੈਂ ਫਿਜ਼ਾਏਂ"** ਦੀ ਸਤਾਈਵੀਂ ਕੜੀ ਵਿੱਚ ਨਿੱਘਾ ਸੁਆਗਤ ਹੈ। ਜੀ ਆਇਆਂ ਨੂੰ! ਸਤਿ ਸ੍ਰੀ ਅਕਾਲ! ਨਮਸਤੇ!

**ਮਰਦ ਸੂਤਰਧਾਰ** : ਹਾਂ! ਪਿਛਲੀ ਕੜੀ **"ਸਮਾਜਿਕ , ਆਰਥਿਕ ਤੇ ਪਰਿਆਵਾਰਣੀ ਪ੍ਰਭਾਵ"** ਵਿੱਚ ਸੁਣੀ ਸੀ ਕਹਾਣੀ ਅਸੀਂ ਸਾਡੀ ਧਰਤੀ 'ਤੇ ਬਦਲਦੇ ਜਲਵਾਯੂ ਅਤੇ ਵਧਦੇ ਤਾਪਮਾਨ ਦੇ ਕਾਰਨ ਮਨੁੱਖਤਾ ਦੀ ਰੋਜੀ ਰੋਟੀ 'ਤੇ ਪੈਂਦੇ ਪ੍ਰਭਾਵਾਂ ਦੀ ?

**ਔਰਤ ਸੂਤਰਧਾਰ** : ਸੁਣਾਈ ਸੀ ਕਹਾਣੀ ਕਿ ਧਰਤੀ, ਹਵਾ ਮੰਡਲ ਅਤੇ ਸਮੁੰਦਰਾਂ ਵਿੱਚ ਬਦਲਾਅ ਕਿਵੇਂ ਬਦਲ ਦਿੰਦਾ ਹੈ ਸਾਡੇ ਸਮਾਜਿਕ ਢਾਂਚੇ ਨੂੰ ਵੀ !

**ਮਰਦ ਸੂਤਰਧਾਰ** : ਕਿੱਸਾ ਸੀ ਸਮੁੰਦਰੀ ਜਲ ਜੀਵਣ ਦੇ ਖਤਮ ਹੋਣ ਜਾਂ ਘੱਟਣ ਨਾਲ ਅਨੇਕਾ ਲੋਕਾਂ ਦੇ ਰੁਜਗਾਰ ਖੁੱਸਣ ਦਾ !

**ਔਰਤ ਸੂਤਰਧਾਰ** : ਸੁਣਾਈ ਸੀ ਗਾਥਾ ਵਧਦੇ ਤਾਪਮਾਨ ਕਾਰਨ ਸਮੁੰਦਰੀ ਪਾਣੀ ਦੇ ਵੱਧ ਤੇਜ਼ਾਬੀਪਨ ਨਾਲ ਮੂੰਗਾ ਚਟਾਨਾਂ ਦੇ ਖੋਰੇ ਦੀ ਅਤੇ ਸਾਡੇ ਅਰਥਚਾਰੇ ਰੁਜਗਾਰ ਤੇ ਸੁਹਜ ਸੰਵਾਰ 'ਤੇ ਪੈਂਦੇ ਪ੍ਰਭਾਵ ਦੀ !

**ਮਰਦ ਸੂਤਰਧਾਰ** : ਦੱਸਿਆ ਸੀ ਕਿ ਵਧਦੇ ਤਾਪਮਾਨ ਕਾਰਨ ਮੱਛੀਆਂ ਜਹਿਰੀਲੀਆਂ ਹੋਕੇ ਮਨੁੱਖਾਂ ਵਿੱਚ ਵੀ ਫੈਲਾ ਦਿੰਦੀਆਂ ਨੇ ਜਹਿਰਬਾਅ!

**ਔਰਤ ਸੂਤਰਧਾਰ** : ਸੁਣਾਇਆ ਸੀ ਵਿਸਤਾਰ ਕਿ ਕਿਵੇਂ ਬਹੁਤ ਸਾਰੇ ਕੀਟ ਪਤੰਗੇ ਪਨਪ ਕੇ ਨਵੀਂਆਂ ਥਾਂਵਾਂ 'ਤੇ ਫੈਲਾ ਦਿੰਦੇ ਨੇ ਮਲੇਰੀਆ, ਡੇਂਗੂ ਤੇ ਚਿਕਨਗੁਨੀਆ ਵਰਗੀਆਂ ਬਿਮਾਰੀਆਂ !

**ਮਰਦ ਸੂਤਰਧਾਰ** : ਸੁਣਿਆ ਸੀ ਤੁਸੀਂ ਕਿ ਕਿਵੇਂ ਪਸ਼ੂਆਂ ਤੇ ਜਨੌਰਾਂ ਦੀ ਘੱਟਦੀ ਨਫਰੀ ਕਰਦੀ ਹੈ ਅਰਥਚਾਰੇ ਤੇ ਸਮਾਜਿਕ ਜੀਵਣ ਦਾ ਨੁਕਸਾਨ !

**ਔਰਤ ਸੂਤਰਧਾਰ** : ਖੋਲ੍ਹਿਆ ਸੀ ਇਹ ਭੇਦ ਵੀ ਕਿ ਵੱਧਦੇ ਤਾਪਮਾਨ ਕਾਰਨ ਆਈ ਵਰਖਾ ਦੀ ਕਮੀ ਕਰਦੀ ਹੈ ਪ੍ਰਭਾਵਤ ਸਾਡੇ ਜਨ ਜੀਵਣ ਤੇ ਅਰਥਚਾਰੇ ਨੂੰ ਵੀ !

**ਮਰਦ ਸੂਤਰਧਾਰ** : ਹੋਈ ਸੀ ਚਰਚਾ ਕਿ ਆਲਮੀ ਤਪਸ਼ ਦਾ ਖੇਤੀ 'ਤੇ ਪੈਂਦਾ ਪ੍ਰਭਾਵ ਘਟਾ ਦਿੰਦਾ ਹੈ ਫਸਲਾਂ ਦਾ ਝਾੜ ਅਤੇ ਫੈਲ ਜਾਂਦੀ ਹੈ ਭੁੱਖਮਰੀ !

**ਔਰਤ ਸੂਤਰਧਾਰ** : ਦੱਸਿਆ ਸੀ ਕਿ ਜੈਵਿਕ ਭਿੰਨਤਾ ਦੇ ਨੁਕਸਾਨੇ ਜਾਣ ਕਰਕੇ ਬਹੁਤ ਸਾਰੀਆਂ ਪ੍ਰਜਾਤੀਆਂ ਵਿਲੁਪਤ ਹੋ ਜਾਣਗੀਆਂ!ਪਵੇਗਾ ਨਾਂਹ ਪੱਖੀ ਪ੍ਰਭਾਵ ਸਾਡੇ ਜਨ ਜੀਵਣ ਅਤੇ ਰੋਜੀ ਰੋਟੀ 'ਤੇ !

**ਮਰਦ ਸੂਤਰਧਾਰ** : ਹੋ ਗਿਆ ਸੀ ਸਪਸ਼ਟ ਕਿ ਸਮੁੰਦਰਾਂ ਦੇ ਜਲ ਪੱਧਰ ਦੇ ਚੜ੍ਹਨ ਨਾਲ ਬਹੁਤ ਸਾਰੇ ਟਾਪੂ, ਤਟ ਵਰਤੀ ਇਲਾਕੇ ਸਮੇਤ ਵੱਡੇ ਵੱਡੇ ਸ਼ਹਿਰਾਂ ਦੇ, ਹੋ ਜਾਣਗੇ ਜਲਮਗਨ ! ਵਿਸਥਾਪਿਤ ਹੋ ਜਾਵੇਗੀ ਬਹੁਤ ਸਾਰੀ ਵਸੋਂ!

**ਔਰਤ ਸੂਤਰਧਾਰ** : ਬ੍ਰਿਤਾਂਤ ਸੀ ਕਿ ਬਰਫਾਨੀ ਚੋਟੀਆਂ ਅਤੇ ਗਲੇਸ਼ੀਅਰਾਂ ਦੇ ਪਿਘਲਣ ਤੋਂ ਬਾਅਦ ਘੱਟ ਜਾਵੇਗਾ ਪਾਣੀ ਦਰਿਆਵਾਂ ਵਿੱਚ! ਸੰਕਟ ਹੋ ਜਾਵੇਗਾ ਪੀਣ ਲਈ ਤੇ ਸਿੰਚਾਈ ਲਈ ਪਾਣੀ ਮਿਲਣ ਦਾ! ਕੀਤਾ ਸੀ ਖਦਸ਼ਾ ਜਾਹਰ ਪਾਣੀ ਕਾਰਨ ਜੰਗਾਂ ਦਾ ਵੀ !

**ਮਰਦ ਸੂਤਰਧਾਰ** : ਅੱਜ ਦੀ ਇਸ ਕੜੀ ਵਿੱਚ ਸੁਣਾਂਗੇ ਅਸੀਂ ਕਹਾਣੀ, ਜਲਵਾਯੂ ਦੇ ਬਦਲਾਅ ਕਾਰਨ ਵਧਦੇ ਤਾਪਮਾਨ ਦੇ ਪ੍ਰਚਾਰੇ ਜਾਂਦੇ ਫਾਇਦੇਮੰਦ ਪ੍ਰਭਾਵਾਂ ਦੀ, ਹਕੀਕਤ ਦੀ !

**ਮਰਦ ਸੂਤਰਧਾਰ** : ਲਓ ਸੁਣੋ ਇਸ ਨਵੇਂ ਲੜੀਵਾਰ **'ਕਿਉਂ ਬਦਲ ਰਹੀ ਹੈਂ ਫਿਜ਼ਾਏਂ'** ਦੀ ਸਤਾਈਵੀਂ ਕੜੀ **'ਜਲਵਾਯੂ ਬਦਲਾਅ ਤੇ ਆਲਮੀ ਤਪਸ਼ ਦੇ ਪ੍ਰਭਾਵ-ਫਾਇਦੇਮੰਦ ਪ੍ਰਭਾਵ'!** ਲਓ! ਇਉਂ ਕਰਦੇ ਨੇ ਪੇਸ਼ ਸਾਡੇ ਕਲਾਕਾਰ!

......**ਲੜੀਵਾਰ ਦੀ ਧੁਨ**......

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਪਹਿਲਾ**......

ਸ਼ਹਿਰ ਦੀਆਂ ਸੜਕਾਂ ਉਪਰ ਵਾਹਣਾਂ ਦਾ ਸ਼ੋਰ ਅਤੇ ਹਾਰਨ। ਇਕ ਮਦਾਰੀ ਤੇ ਉਸਦਾ ਚੇਲਾ ਇੱਕ ਰੁੱਖ ਦੀ ਛਾਇਆ ਵਿੱਚ ਆਪਣੇ ਖੇਡ ਦੀ ਤਿਆਰੀ ਵਿਚ ਰੁੱਝੇ ਨੇ ! ਮਦਾਰੀ ਦੀ ਡੁਗਡੁਗੀ ਦੀ ਧੁਨੀ...

**ਮਹੇਸ਼** : ਮਿਹਰਬਾਨੋ...... ਕਦਰਦਾਨੋ... ਸੁਣੋ... ਸੁਣੋ...ਸੁਣੋ...!

**ਰਾਮੂ** : ਉਸਤਾਦ! ਅੱਜ ਕਿਸ ਦਾ ਬਣਾਉਗੇ ਤਮਾਸ਼ਾ? ਕਿਹੜਾ ਵਿਖਾਓਗੇ ਜਾਦੂ? ਕੀ ਅੱਜ ਕੋਈ ਨਵੇਕਲੀ ਖੇਡ ਵਿਖਾਉਣ ਦਾ ਹੈ ਇਰਾਦਾ ?

**ਮਹੇਸ਼** : ਜਮੂਰੇ! ਇੱਕ ਹਕੀਕਤ ਮੈਂ ਕਰਨੀ ਹੈ ਪੇਸ਼ ਪਰ ਡਰ ਰਿਹਾ ਹਾਂ ਕਿ ਕਿਤੇ ਜਲਵਾਯੂ ਪ੍ਰੇਮੀਆਂ

ਦੀ ਭੀੜ ਮੇਰੇ ਪਿੱਛੇ ਹੀ ਨਾ ਪੈ ਜਾਵੇ !

**ਰਾਮੂ** : ਹੈਂ ਉਸਤਾਦ! ਮਹੇਸ਼ ਜਾਦੂਗਰ ਨੂੰ ਵੀ ਭੀੜ ਤੋਂ ਡਰ ? ਕਿਹੜੀ ਹੈ ਉਹ ਭੀੜ ਜਿਸ ਤੋਂ ਹੋ ਤੁਸੀਂ ਐਨੇ ਭੈਅ ਭੀਤ ?

**ਮਹੇਸ਼** : ਜਮੂਰੇ! ਅੱਜ ਕੱਲ ਹਰ ਨਵੀਂ ਗੱਲ ਕਹਿਣ ਵਾਲੇ ਨੂੰ ਲੱਗਦਾ ਹੈ ਡਰ ਉਸ ਭੀੜ ਤੰਤਰ ਤੋਂ ਜਿਹੜਾ ਆਪਣੀਆਂ ਧਾਰਨਾਵਾਂ ਦੇ ਉਲਟ ਕੋਈ ਗੱਲ ਸੁਣਨੀ ਤਾਂ ਕੀ ਸਗੋਂ ਗੱਲ ਕਰਨ ਵੀ ਨਹੀਂ ਦਿੰਦਾ !

**ਰਾਮੂ** : (ਹੱਸਦੇ ਹੋਏ) ਉਸਤਾਦ! ਐਵੇਂ ਮੇਰਾ ਮੌਜੂ ਤਾਂ ਨਾ ਬਣਾ! ਬਿਨਾ ਭੀੜ ਦੀ ਨਿਸ਼ਾਨਦੇਹੀ ਕੀਤੇ ਹੀ ਡਰੀ ਜਾਂਨੈਂ !

**ਮਹੇਸ਼:** ਜਮੂਰੇ ਐਵੇਂ ਨਹੀਂ ਮੈਂ ਰਿਹਾ ਡਰ ! ਪਿਛੇ ਹੈ ਇਸਦੇ ਨਿੱਤ ਦਿਨ ਦਾ ਅਨੁਭਵ ! ਜਲਵਾਯੂ ਬਦਲਾਅ ਤੇ ਆਲਮੀ ਤਪਸ਼ ਨੂੰ ਬੁਰਾ ਕਹਿਣ ਵਾਲੇ ਭਲਾ ਕਿਵੇਂ ਕਰਨਗੇ ਬਰਦਾਸ਼ਤ ਇਸਦੇ ਉਲਟ ਕੀਤੀ ਮੇਰੀ ਗੱਲ ਨੂੰ ?

**ਰਾਮੂ:** ਸਾਡੇ ਸੰਵਿਧਾਨ ਅਨੁਸਾਰ ਆਪਣੇ ਵਿਚਾਰ ਰੱਖਣ ਦੀ ਆਜ਼ਾਦੀ ਹੈ।ਰੋਜੀ ਰੋਟੀ ਕਮਾਉਣ ਦੀ ਆਜ਼ਾਦੀ ਹੈ! ਕੋਈ ਭੀੜ ਤੰਤਰ ਨਹੀਂ ਵਿਗਾੜੇਗਾ ਤੁਹਾਡਾ ਕੁੱਝ ਵੀ ਕਹਿ ਦਿਓ ਹੋ ਕੇ ਨਿਸ਼ੰਗ!

**ਮਹੇਸ਼:** ਜਮੂਰੇ ਆਪਣੀ ਉਮਰ ਅਕਲ ਤੇ ਤਜਰਬੇ ਤੋਂ ਵੱਡੀਆਂ ਗੱਲਾਂ ਕਰ ਰਿਹਾ ਹੈਂ! ਅੱਜ ਚੰਗੇ ਪੜ੍ਹੇ ਲਿਖਿਆਂ ਵਿੱਚ ਵੀ ਤਰਕ, ਤੱਥ ਤੇ ਦਲੀਲ ਸੁਣਨ ਦਾ ਮਾਦਾ ਨਹੀਂ ਰਿਹਾ! ਅਸੀਂ ਬਹੁਤ ਹੀ ਅਸਹਿਣਸ਼ੀਲ ਹੋ ਗਏ ਹਾਂ! ਨਾ ਬਾਬ ਨਾ ! ਡਰ ਲੱਗਦਾ ਹੈ ਮੈਨੂੰ ਤਾਂ !

**ਰਾਮੂ:** ਉਸਤਾਦ ਮੈਂ ਕੋਈ ਵੱਡੀ ਗੱਲ ਨਹੀਂ ਕਰ ਰਿਹਾ ! ਮੈਨੂੰ ਵੀ ਪਤੈ ਕਿ ਅੱਜਕਲ੍ਹ ਭੀੜਤੰਤਰ ਤੋਂ ਲੋਕ ਭੈ-ਭੀਤ ਨੇ, ਪਰ ਮੈਨੂੰ ਲੱਗਦਾ ਐ ਕਿ ਸਾਡੇ ਗਰੀਬੜਿਆਂ ਬੇਘਰਿਆਂ ਦੇ ਇਸ ਨਿੱਕੇ ਜਿਹੇ ਰੋਜੀ ਰੋਟੀ ਦੇ ਖੇਡ ਨੂੰ ਨਿਸ਼ਾਨਾ ਬਣਾ ਕੇ ਕਿਸੇ ਨੇ ਕੀ ਲੈਣਾ ਐ ? ਚਲੋ ਕਰੋ ਆਪਣਾ ਖੇਡ ਸੁਰੂ !

**ਮਹੇਸ਼** : ਮਿਹਰਬਾਨੋ... ਕਦਰਦਾਨੋ । ਸੁਣੋ... ਸੁਣੋ... ਸੁਣੋ...ਮੈਂ ਇਸ ਜਮੂਰੇ ਦੀ ਗੱਲ ਮੰਨ ਕੇ ਸੁਰੂ ਕਰਦਾ ਹਾਂ ਆਪਣਾ ਖੇਡ , ਫਿਰ ਵੇਖੀ ਜਾਊ ਹੁੰਦਾ ਏ ਜੋ ?

**ਰਾਮੂ** : (ਹੱਸਦੇ ਹੋਏ) ਉਸਤਾਦ!ਮੈਨੂੰ ਤਾਂ ਅਜੇ ਤੱਕ ਇਹੀ ਸਮਝ ਨਹੀਂ ਲੱਗ ਰਹੀ ਕਿ ਕੀ ਹੈ ਅਜਿਹਾ ਤੇਰੇ ਪਿਟਾਰੇ ਦੇ ਵਿੱਚ ਜਿਸਨੂੰ ਕੱਢਣ ਤੋਂ ਤੈਨੂੰ ਲੱਗਦਾ ਹੈ ਐਡਾ ਡਰ !

**ਮਹੇਸ਼** : ਵਾਹ ਜਮੂਰੇ ਵਾਹ! ਚਲ ਸੁਣ ਹੀ ਲੈ ਮੇਰੇ ਮਨ ਦੀ ਗੱਲ ! ਆਪੇ ਸਮਝ ਜਾਵੇਂਗਾ ਮੇਰੀ ਦੁਬਿਧਾ ਦੀ ਕਹਾਣੀ ! ਡਰ ਮੇਰਾ ਕੁੱਝ ਘਟਿਆ ਤਾਂ ਜਰੂਰ ਐ ਪਰ ਮਿਟਿਆ ਨਹੀਂ !

**ਦਰਸ਼ਕ:** ਚਲ ਬਈ ! ਤੂੰ ਵਿਖਾ ਆਪਣਾ ਜਾਦੂ, ਕਰ ਆਪਣੀ ਗੱਲ! ਐਵੇਂ ਨਾ ਡਰ ਕਿਸੇ ਤੋਂ! ਅਸੀਂ ਸਾਰੇ ਇੱਕਠੇ ਹੋ ਕੇ ਰੋਕਾਂਗੇ ਕਿਸੇ ਵੀ ਭੀੜ ਤੰਤਰ ਨੂੰ !

**ਮਹੇਸ਼** : (ਹੱਸਦੇ ਹੋਏ) ਅੱਛਾ ! ਜੀ ਚਲੋਂ ਮੈਂ ਕਰਦਾ ਹਾਂ ਆਪਣੇ ਮਨ ਦੀ ਗੱਲ ! ਸੁਰੂ ਹੋਵੇਗਾ ਹੁਣ ਮੇਰਾ ਖੇਡ ! ਕਹਿੰਦਾ ਹੋਇਆ ਇਸ ਵੱਧਦੀ ਗਰਮੀ ਤੇ ਬਦਲਦੇ ਮੌਸਮਾਂ ਦੇ ਫਾਇਦਿਆਂ ਦੀ ਕਹਾਣੀ!

**ਰਾਮੂ** : ਵੇਖੋ ਉਸਤਾਦ! ਉਡਾ ਲਿਆ ਬਹੁਤ ਮਖੌਲ ਮੇਰਾ ਤੁਸੀਂ ਵੀ ! ਇਸ ਵਧਦੀ ਗਰਮੀ ਦੇ ਡਰਾਵੇ ਦੇ ਨਾਲ ! ਅੱਜ ਮੇਰੇ ਕੋਲ ਵੀ ਹੈ ਤੁਹਾਡੀਆਂ ਗੱਲਾਂ ਦਾ ਤੋੜ! ਮੈਂ ਵੀ ਵਿਖਾਵਾਂਗਾ ਆਪਣੇ ਜੌਹਰ !

**ਮਹੇਸ਼:** ਅੱਛਾ ! ਤਾਂ ਹੁਣ ਤੂੰ ਵੀ ਖੋਲ੍ਹਣਾ ਚਾਹੁੰਦਾ ਹੈਂ ਆਪਣਾ ਪਿਟਾਰਾ ! ਚਲੋ ਅੱਛਾ! ਬਹੁਤ ਅੱਛਾ ! ਦਰਸ਼ਕ ਵੀ ਚਾਹੁਣਗੇ ਵੇਖਣਾ ਤੇਰੇ ਜਾਦੂ ਨੂੰ! ਬੱਸ ਇਹ ਦੱਸ ਪਹਿਲਾਂ ਕੌਣ... ਤੂੰ ਜਾਂ ਮੈਂ...?

**ਰਾਮੂ** : ਉਸਤਾਦ ਇਸਦਾ ਫੈਸਲਾ ਦਰਸ਼ਕਾਂ 'ਤੇ ਹੀ ਛੱਡ ਦਿੰਦੇ ਹਾਂ ! (ਹੱਸਦੇ ਹੋਏ)

**## ਭੀੜ ਦਾ ਸਮੂਹਿਕ ਸੁਰ... ਪਹਿਲਾਂ ਜਮੂਰਾ ##**

**ਮਹੇਸ਼** : ਠੀਕ ਹੈ! ਜਨਤਾ ਦਾ ਫੈਸਲਾ ਸਿਰ ਮੱਥੇ! ਮੈਂ ਤੇਰਾ ਜਮੂਰਾ ! ਤੂੰ ਮੇਰਾ ਉਸਤਾਦ ! ਆਓ ਹੁਣ ਮੇਰੇ ਉਸਤਾਦ ! ਆ ਜਾਓ ਇਸ ਸਥਾਨ 'ਤੇ!

**## ਧੁਨੀ ਪ੍ਰਭਾਵ-ਡਮਰੂ ##**

**ਰਾਮੂ** : (ਹੱਸਦੇ ਹੋਏ) ਉਸਤਾਦ ! ਅੱਜ ਆਇਆ ਏਂ ਦਾੜ੍ਹ ਹੇਠ! ਵੇਖੀਂ ਹੁਣ ਕਿਹੜੇ ਭਾਅ ਵਿਕਦੀ ਏ ! ਅੱਛਾ ਉਸਤਾਦ! ਅੱਜ ਤੁਸੀਂ ਆਪਣੇ ਆਪ ਨੂੰ ਸੱਚ ਮੁੱਚ ਜਮੂਰਾ ਮੰਨਣਾ ਹੈ! ਕਿਤੇ ਜਮੂਰਾ ਬਣ ਕੇ ਵੀ ਉਸਤਾਦ ਨਾ ਬਣੇ ਰਹਿਣਾ !

**ਮਹੇਸ਼** : ਬਿਲਕੁਲ ਸਹੀ ਫੁਰਮਾਇਆ ਮੇਰੇ ਮਾਲਿਕ! ਜਮੂਰਾ ਹਾਜ਼ਰ ਹੈ। ਮੇਰੇ ਲਈ ਕੀ ਹੈ ਆਦੇਸ਼?

**## ਧੁਨੀ ਪ੍ਰਭਾਵ-ਢੋਲ/ਡਮਰੂ ##**

**ਰਾਮੂ** : ਮਿਹਰਬਾਨੋ...... ਕਦਰਦਾਨੋ...... ਮੈਂ ਵਿਖਾਵਾਂਗਾ ਤੁਹਾਡੇ ਸਾਹਮਣੇ ਅਦਭੁੱਤ ਕਿਸਮ ਦਾ ਜਾਦੂ!

**ਮਹੇਸ਼** : ਮਾਲਕ! ਇਹ ਸਭ ਲੋਕ ਕਾਇਲ ਨੇ ਤੁਹਾਡੀਆਂ ਚਿਕਨੀਆਂ ਚੋਪੜੀਆਂ ਤੋਂ... ਫਿਕਰ ਨਾ ਕਰੋ! ਮੁੱਦੇ ਕੀ ਕਰੋ ਬਾਤ !

**ਰਾਮੂ** : ਵੇਖ ਜਮੂਰੇ ......! ਜਮੂਰਾ ਬਣ ਕੇ ਰਹਿ ... ਉਸਤਾਦ ਬਣਨ ਦੀ ਕੋਸ਼ਿਸ਼ ਨਾ ਕਰ!

**ਮਹੇਸ਼** : ਮੇਰੇ ਮਾਲਿਕ... ਐਵੇਂ ਗੁੱਸੇ ਨਾ ਹੋਵੋ! ਸੁਰੂ ਤਾਂ ਕਰੋ !

**ਰਾਮੂ** : (ਹੱਸਦਾ ਹੈ) ਅੱਛਾ! ਅੱਛਾ! ਹੁਣ ਹੋਰ ਉਡੀਕ ਨਹੀਂ। (ਡੁਗਡੁਗੀ ਦੀ ਤਾਲ)! ਵੇਖੋ ਮੇਰਾ ਝੋਲਾ!

**ਮਹੇਸ਼** : ਮਾਲਕ! ਜੇ ਆਗਿਆ ਹੋਵੇ ਤਾਂ ਕੁਝ ਕਹਾਂ!

**ਰਾਮੂ** : ਵੇਖ ਮੁੜ ਉਸਤਾਦ ਬਣ ਰਿਹਾ ਹੈਂ! (ਹੱਸਦਾ ਹੈ) ਅੱਛਾ! ਅੱਛਾ! ਚਲ ਕਹਿ ਲੈ ਆਪਣੇ ਮਨ ਦੀ ਗੱਲ ਤੂੰ ਵੀ ਜਮੂਰੇ! ਕੀ ਯਾਦ ਰੱਖੇਂਗਾ ਨਵੇਂ ਉਸਤਾਦ ਨੂੰ ਤੂੰ ਵੀ!

**ਮਹੇਸ਼:** ਉਸਤਾਦ ਤੁਹਾਡੇ ਪਿਟਾਰੇ, ਨਹੀਂ ਸੱਚ ਥੈਲੇ ਵਿੱਚ ਐਨਾ ਸਮਾਨ ਕਿਉਂ ਭਰਿਆ ਐ ?

ਰਾਮੂ: ਵਾਹ ਜਮੂਰੇ ਵਾਹ ! ਇਹੀ ਤਾਂ ਹੈ ਸਾਡੇ ਵਿਕਾਸ ਦਾ ਰਾਜ !

ਮਹੇਸ਼: ਹੈਂ ਵਿਕਾਸ ਦਾ ਰਾਜ ? ਉਹ ਕਿਵੇਂ ?

ਰਾਮੂ: ਲੈ ਸੁਣ ਜਮੂਰੇ ! ਅਸੀਂ ਹਾਂ ਨਵੀਂ ਪੀੜ੍ਹੀ ਦੇ ਇਨਸਾਨ , ਤਰੱਕੀ ਯਾਫਤਾ ! ਬਣਾ ਰਹੇ ਹਾਂ ਭਾਂਤ ਭਾਂਤ ਨਿੱਤ ਨਵਾਂ ਸਾਮਾਨ, ਪੁਰਾਣਾ ਸੁੱਟੋ ਤੇ ਵਰਤੋ ਨਵਾਂ ! ਐਵੇਂ ਨਾ ਜਾਇਆ ਕਰੋ ਸਮਾ ਪੁਰਾਣੇ ਦੀ ਮੁਰੰਮਤ ‘ਤੇ !

ਮਹੇਸ਼ : ਪਰ ਉਸਤਾਦ ਇਸ ਨਾਲ ਤਾਂ ਕੁਦਰਤੀ ਸ੍ਰੋਤ ਬੜੇ ਹੀ ਹੁੰਦੇ ਨੇ ਬਰਬਾਦ !

ਰਾਮੂ: ਸ੍ਰੋਤ ਬਰਬਾਦ ? ਇਹੀ ਤਾਂ ਹੈ ਤੁਹਾਡੀ ਪੁਰਾਣੀ ਸਮਝ ! ਭਲਾ ਜੇ ਕਰ ਨਵੀਂਆਂ ਵਸਤਾਂ ਦਾ ਨਿਰਮਾਨ ਨਹੀਂ ਕਰਾਂਗੇ ਤਾਂ ਕਾਰਖਾਨੇ ਕਿਵੇਂ ਚਲਣਗੇ ? ਜੇ ਕਾਰਖਾਨੇ ਨਹੀਂ ਚੱਲਣੇ ਤਾਂ ਰੁਜਗਾਰ ਕਿੱਥੋਂ ਆਵੇਗਾ ?

ਮਹੇਸ਼: ਏਤਰਾਂ ਤਾਂ ਤੁਸੀਂ ਉਸਤਾਦ ਕਹੋਗੇ ਕਿ ਨਵੀਆਂ ਵਸਤਾਂ ਦੀ ਵਿਕਰੀ ਨਾਲ ਬਾਜਾਰ ਵਿੱਚ ਵਪਾਰੀਆਂ ਦਾ ਤਾਣਾ ਬਾਣਾ ਵੀ ਵਧੇਗਾ ਅਨੇਕਾਂ ਰੁਜਗਾਰ ਉਥੇ ਵੀ ਪੈਦਾ ਹੋਣਗੇ !

ਰਾਮੂ: ਵਾਹ ਉਸਤਾਦ ! ਇੱਕ ਗੱਲ ਤਾਂ ਸਮਝ ਆ ਗਈ ਤੁਹਾਨੂੰ ਵੀ !

ਮਹੇਸ਼: ਸਮਝ ਸੁਮਝ ਮੈਨੂੰ ਕੋਈ ਨਹੀਂ ਆਈ ! ਬੱਸ ਤੇਰਾ ਅਗਲਾ ਦਾਅ ਵੇਖਣ ਤੇ ਜਾਣਨ ਲਈ ਕਰ ਦਿੱਤਾ ਹੈ ਪ੍ਰਸ਼ਨ !

ਰਾਮੂ : ਕਦਰਦਾਨੋ...... ਮਿਹਰਬਾਨੋ...... ਲਓ ਇਹ ਉਸਤਾਦ ਤਾਂ ਮੰਨਦਾ ਹੀ ਨਹੀਂ ! ਮੈਂ ਤਾਂ ਕਰ ਰਿਹਾ ਹਾਂ ਅਗਲਾ ਖੇਡ ਸੁਰੂ ! ਵੇਖੋ ਜਰਾ ਇਸ ਥੈਲੇ ਵੱਲ ! ਵੇਖੋ... ਵੇਖੋ... ਚੰਗੀ ਤਰ੍ਹਾਂ ਵੇਖੋ। ਕੋਈ ਤੁਹਾਡੇ ਵਿਚੋਂ ਵੇਖਣਾ ਚਾਹੇਗਾ? ਤੁਸੀਂ...? ਅੱਛਾ, ਤੁਸੀਂ... ਅੱਗੇ ਆਓ।

ਮਹੇਸ਼ : ਉਸਤਾਦ ! ਇਹ ਕੀ ? ਇਸਦੇ ਥੱਲੇ ਵਿੱਚ ਤਾਂ ਐਡੀ ਵੱਡੀ ਮੋਰੀ ਹੈ ! ਆਲੇ ਦੁਆਲੇ ਤੋਂ ਵੀ ਹੋ ਗਿਆ ਇਹ ਬੋਦਾ ! ਮੋਰੀ ਤਾਂ ਹੋਰ ਵੀ ਵੱਡੀ ਹੋਣ ਵਾਲੀ ਹੈ !

**(ਇਕ ਸੁਰ ਵਿਚ) ਹਾਂ! ਹਾਂ! ਇਸ ਦੇ ਅੰਦਰ ਮੋਰੀ ਹੈ!**

ਰਾਮੂ : (ਹੱਸਦਾ ਹੈ) ਬੱਸ ਇਹੀ ਤਾਂ ਹੈ ਮੇਰੇ ਖੇਡ ਦਾ ਅਸਲੀ ਜਾਦੂ! ਇਹ ਮੋਰੀ ਹੈ ਓਜ਼ੋਨ ਪਰਤ ਦੀ ਮੋਰੀ !

**# ਧੁਨੀ ਪ੍ਰਭਾਵ... ਚਾਰੇ ਪਾਸੇ ਚੱਕਰ ਲਾ ਕੇ ਡੁਗਡੁਗੀ ਵਜਾਉਣਾ #**

ਮਹੇਸ਼ : ਉਸਤਾਦ! ਓਜ਼ੋਨ ਪਰਤ ਦੀ ਮੋਰੀ ਤਾਂ ਬਹੁਤ ਹੀ ਮਾੜੀ ਹੈ ਸਾਡੇ ਸੱਭ ਦੇ ਲਈ !

ਰਾਮੂ: ਇਹੀ ਸਮੱਸਿਆ ਹੈ ਤੁਹਾਡੀ ਸਮਝ ਦੀ ! ਪਤਾ ਐ ਓਜ਼ੋਨ ਪਰਤ ਦੀ ਮੋਰੀ ਕਿਉਂ ਹੋਈ ਹੈ ਤੇ ਕਿਉਂ ਹੁੰਦੀ ਜਾਂਦੀ ਹੈ ਇਹ ਵੱਡੀ ?

ਦਰਸ਼ਕਾਂ ਵਿੱਚੋਂ: ਕਿਉਂ ਹੁੰਦੀ ਹੈ ਭਲਾ ਇਹ ਮੋਰੀ ਓਜ਼ੋਨ ਪਰਤ ਦੇ ਵਿੱਚ ?

ਰਾਮੂ: ਵਾਯੂਮੰਡਲ ਵਿੱਚ ਕਲੋਰੀਨ, ਬਰੋਮੀਨ ਤੇ ਫਲੋਰੀਨ ਦੇ ਯੋਗਿਕ ਕਰਦੇ ਜਾਂਦੇ ਨੇ ਨਸ਼ਟ ਵਾਯੂਮੰਡਲ ਦੀ ਉਪਰਲੀ ਪਰਤ ਯਾਨੀ ਸਟਰੈਟੋਸਫੀਅਰ ਵਿੱਚ ਪਈ ਓਜ਼ੋਨ ਨੂੰ !

......ਦ੍ਰਿਸ਼ ਬਦਲਾਅ ਸੰਗੀਤ......

......ਦ੍ਰਿਸ਼ ਦੂਜਾ......

(ਰਾਮੂ ਡੁਗਡੁਗੀ ਵਜਾਉਂਦਾ ਹੈ ਤੇ ਦਰਸ਼ਕਾਂ ਨੂੰ ਝੋਲਾ ਮੁੜ ਵਿਖਾਉਣ ਲੱਗਦਾ ਹੈ, ਝੋਲੇ ਵਿੱਚੋਂ ਸਮਾਨ ਬਾਹਰ ਝਾਕਣ ਲੱਗਦਾ ਹੈ!)

**ਮਹੇਸ਼** : ਹਾਂ ਉਸਤਾਦ! ਤੁਹਾਡਾ ਕਹਿਣਾ ਤਾਂ ਸਹੀ ਹੈ ! ਪਰ ਤੁਹਾਡੇ ਵਿਕਾਸ ਦੇ ਸੂਤਰ ਦਾ ਇਸ ਨਾਲ ਕੀ ਸਬੰਧ ?

**ਰਾਮੂ:** ਸਬੰਧ ? ਸਬੰਧ ਹੈ ! ਮੇਰਾ ਵਿਕਾਸ ਦਾ ਨਮੂਨਾ ਕਰਦਾ ਹੈ ਕੰਮ ਟਾਕੀ ਲਾਉਣ ਦਾ ਇਸ ਓਜ਼ੋਨ ਪਰਤ ਦੀ ਮੋਰੀ ਨੂੰ ਵੀ !

**ਮਹੇਸ਼ :** ਕਿਵੇਂ ਉਸਤਾਦ ? ਕਿਤੇ ਇਹ ਤੁਹਾਡਾ ਨਵਾਂ ਗੱਪਸਤਾਨ ਤਾਂ ਨਹੀਂ ! ਭਰਮਜਾਲ ਤਾਂ ਨਹੀਂ!

**ਰਾਮੂ:** ਗਿਆਨ ਦੀ ਕਮੀ ਕਾਰਨ ਤੁਸੀਂ ਕਹਿ ਲਓ ਗੱਪਸਤਾਨ ! ਮੈਨੂੰ ਤਾਂ ਕਹਿ ਦਿਓਗੇ ਪਰ ਨਾਸਾ ਦੇ ਵਿਗਿਆਨੀਆਂ ਨੂੰ ਕੀ ਕਹੋਗੇ ? ਸਾਡੇ ਇਸ ਆਧੁਨਿਕ ਵਿਕਾਸ ਮਾਡਲ ਵਿੱਚ ਬੇਸ਼ੱਕ ਵਧ ਰਹੀ ਹੈ ਕਾਰਬਨਡਾਈਅਕਸਾਈਡ,ਪਰ ਉਹੀ ਤਾਂ ਕਰਦੀ ਹੈ ਓਜ਼ੋਨ ਪਰਤ ਦੀ ਮੋਰੀ ਨੂੰ ਬੰਦ ਵੀ !

**ਮਹੇਸ਼:** ਹੈਂ ! ਕੀ ਇਹੀ ਕੁੱਝ ਕਹਿੰਦੇ ਨੇ ਨਾਸਾ ਦੇ ਵਿਗਿਆਨੀ ?

**ਰਾਮੂ:** ਝੂਠ ਤਾਂ ਅਸੀਂ ਵੀ ਨਹੀਂ ਬੋਲਦੇ! ਪਰ ਨਾਸਾ ਦੇ ਵਿਗਿਆਨੀਆਂ ਦੀ ਹੀ ਸੁਣ ਲਵੋ, ਭੂਗੋਲ ਖੋਜ ਦੇ ਜਰਨਲ ਵਿੱਚ 2002 ਦੌਰਾਨ ਮੇਰੀਲੈਂਡ ਯੂਨੀਵਰਸਿਟੀ ਅਤੇ ਨਾਸਾ ਦੀ ਸਾਂਝੀ ਖੋਜ ਪ੍ਰਕਾਸ਼ਤ ਹੋਈ, ਜਿਸ ਵਿੱਚ ਦਰਸਾਇਆ ਗਿਆ ਹੈ ਕਿ ਵਾਯੂਮੰਡਲ ਦੇ ਸਟਰੈਟੋਸਫੀਅਰ ਵਿੱਚ ਵਧਦੀ ਹੋਈ ਕਾਰਬਨ ਡਾਈਅਕਸਾਈਡ ਦੀ ਮਾਤਰਾ ਓਜ਼ੋਨ ਪਰਤ ਨੂੰ ਅਤੇ ਦੱਖਣੀ ਧਰੁਵ ਵੱਲ ਦੀ ਓਜ਼ੋਨ ਮੋਰੀ ਨੂੰ ਠੀਕ ਕਰ ਰਹੀ ਹੈ

**ਸਾਰੇ ਦਰਸ਼ਕ :** ਬਈ ਜਮੂਰੇ ਕਮਾਲ ਕਰ ਦਿੱਤਾ ! ਨਵੀਂ ਜਾਣਕਾਰੀ ਦੇ ਕੇ !

**ਮਹੇਸ਼:** ਤਾਂ ਕੀ ਆਹ ਆਲਮੀ ਤਪਸ਼ ਤੇ ਜਲਵਾਯੂ ਬਦਲਾਅ ਇੱਕ ਡਰਾਵਾਂ ਹੀ ਹੈ, ਹਕੀਕਤ ਨਹੀਂ ?

**ਰਾਮੂ:** ਵੇਖੋ ਇਸ ਬਾਬਤ ਤਾਂ ਬਾਅਦ ਵਿੱਚ ਗੱਲ ਕਰਾਂਗੇ ! ਪਰ ਅਜੇ ਇਸ ਰੌਲੇ ਬਾਬਤ ਇੱਕ ਸੱਚ ਜਾਣ ਲਵੋ ਕਿ ਅਮਰੀਕਾ ਪ੍ਰਤੀ ਜੀਅ ਸਾਡੇ ਨਾਲੋਂ ਛੇ ਗੁਣਾ ਜਿਆਦਾ ਪ੍ਰਦੂਸਣ ਕਰ ਰਿਹਾ ਹੈ ਪਰ ਪ੍ਰਦੂਸ਼ਣ ਵਧਾਉਣ ਦੀਆਂ ਤੋਹਮਤਾਂ ਸਾਡੇ ਵਰਗੇ ਵਿਕਾਸਸੀਲ ਦੇਸ 'ਤੇ ਲਾਉਂਦਾ ਹੈ !

**ਮਹੇਸ਼:** ਤਾਂ ਕੀ ਸਾਡੇ ਵਿਕਾਸ ਦੇ ਮਾਡਲ ਦਾ ਕੋਈ ਕਸੂਰ ਨਹੀਂ ?ਕੀ ਇਹ ਇਸੇ ਤਰ੍ਹਾਂ 'ਵਰਤੋ ਸੁਟੋ' ਵੱਲ ਚਲਦਾ ਰਹੇਗਾ ?

**ਰਾਮੂ:** ਅਸੀਂ ਤਰੱਕੀ ਕਰ ਰਹੇ ਮੁਲਕ ਹਾਂ ! ਸਾਡੇ ਵੱਲੋਂ ਛੱਡੀ ਜਾਂਦੀ ਜਿਆਦਾ ਕਾਰਬਨਡਾਈਅਕਸਾਈਡ ਤਾਂ ਸਗੋਂ ਫਸਲਾਂ, ਪੌਦਿਆਂ ਬੂਟਿਆਂ ਲਈ ਪ੍ਰਕਾਸ਼ ਸੰਸਲੇਸ਼ਣ ਰਾਹੀਂ ਜਿਆਦਾ ਭੋਜਨ ਦਾ ਸਾਮਾ ਕਰਕੇ ਫਸਲਾਂ ਦਾ ਝਾੜ ਵਧਾਉਣ ਦੀ ਭੂਮਿਕਾ ਅਦਾ ਕਰਦੀ ਹੈ !

**ਮਹੇਸ਼:** ਤਾਂ ਕੀ ਆਲਮੀ ਤਪਸ਼ ਵਧਾਉਣ ਵਾਲੀ ਕਾਰਬਨਡਾਈਅਕਸਾਈਡ ਵਰਦਾਨ ਵੀ ਹੈ ?

ਰਾਮੂ: ਹਾਂ ਜੀ ! ਕਦਰਦਾਨੋ... ਮਿਹਰਬਾਨੋ... ਗਰਮੀ ਵਧਣ ਨਾਲ ਅਮਰੀਕਾ ਦੇ ਪੱਛਮੀ ਭਾਗ ਵਿੱਚ 1980 ਤੋਂ ਤਾਪਮਾਨ ਵਧਣ ਨਾਲ ਫਸਲਾਂ ਉਗਾਉਣ ਵਾਸਤੇ ਸਮਾ ਅਵਧੀ ਵਧਦੀ ਜਾ ਰਹੀ ਹੈ।

ਮਹੇਸ਼: ਵੇਖੋ ਉਸਤਾਦ ਤੁਸੀਂ ਆਪਣੀ ਗੱਲ ਦੇ ਸੱਚ ਹੋਣ ਬਾਬਤ ਕੋਈ ਵਿਗਿਆਨਿਕ ਖੋਜ ਤਾਂ ਪੇਸ਼ ਨਹੀਂ ਕੀਤੀ ! ਕਿਵੇਂ ਸੱਚ ਮੰਨ ਲਈਏ ਤੁਹਾਡੇ ਕਥਨ ਨੂੰ ?

ਰਾਮੂ: ਇਹ ਤਾਂ ਅੰਕੜਾ ਵਿਗਿਆਨ ਦੇ ਸਬੂਤ ਹਨ ਕਿ ਅਮਰੀਕਾ ਦੇ ਪੱਛਮੀ ਭਾਗ ਵਿੱਚ ਤਾਂ ਫਸਲੀ ਰੁੱਤਾਂ ਅੱਠ ਹਫਤੇ ਤੱਕ ਵਧ ਜਾਣਗੀਆਂ, ਇਸ ਨਾਲ ਤਾਂ ਖੇਤੀ ਉਤਪਾਦਨ ਵਿੱਚ ਵਾਧਾ ਹੋਵੇਗਾ ਹੀ ! ਪਰ ਜਲਵਾਯੂ ਬਦਲਾਅ ਦੇ ਅੰਤਰ ਸਰਕਾਰੀ ਦਲ ( ਆਈ ਪੀ ਸੀ ਸੀ ) ਨੇ ਵੀ ਮੰਨਿਆ ਹੈ ਕਿ 1 ਤੋਂ 3 ਡਿਗਰੀ ਸੈਲਸੀਅਸ ਤੱਕ ਤਾਪਮਾਨ ਦਾ ਵਾਧਾ ਕਈ ਇਲਾਕਿਆਂ ਦੀਆਂ ਫਸਲਾਂ ਵਾਸਤੇ ਲਾਭਦਾਇਕ ਹੈ ।

ਦਰਸ਼ਕ: ਵਾਹ ਜਮੂਰੇ ਵਾਹ ! ਤੈਂ ਤਾਂ ਬਹੁਤ ਨਵੇਂ ਨਵੇਂ ਤੱਥਾਂ ਤੋ ਦਿੱਤਾ ਹੈ ਪਰਦਾ ਉਠਾ ਆਪਣੇ ਖੇਡ ਵਿੱਚ!

ਰਾਮੂ: ਕਾਰਬਨਡਾਈਅਕਸਾਈਡ ਹਵਾ ਵਿੱਚ ਤਾਂ ਕੇਵਲ 0.4% ਹੀ ਹੈ , ਇਸਦੇ ਵਾਧੇ ਨਾਲ ਪੌਦਿਆ ਦੀ ਕਾਰਬੋਹਾਈਡਰੇਟ ਤੇ ਪ੍ਰੋਟੀਨ ਸਿਰਜਨ ਦੀ ਸਮਰੱਥਾ ਵੱਧਦੀ ਹੈ, ਇਸੇ ਲਈ ਤਾਂ ਵਪਾਰਕ ਹਰਿਤ ਘਰਾਂ ਵਿੱਚ ਫਸਲਾਂ ਉਗਾਉਣ ਵਾਲੇ ਉਨ੍ਹਾਂ ਵਿੱਚ ਕਾਰਬਨਡਾਈਅਕਸਾਈਡ ਪੰਪ ਕਰਦੇ ਨੇ ਤਾ ਕਿ ਪੌਦਿਆਂ ਦਾ ਵਾਧਾ ਚੰਗਾ ਹੋ ਜਾਵੇ !

ਨਰੇਸ਼: ਮੈਂ ਪਰਿਆਵਰਣ ਦਾ ਇੱਕ ਖੋਜੀ ਵਿਦਿਆਰਥੀ ਹਾਂ ! ਇਹ ਗੱਲਾਂ ਜੋ ਇਸ ਉਸਤਾਦ ਬਣੇ ਜਮੂਰੇ ਨੇ ਪੇਸ਼ ਕੀਤੀਆਂ ਹਨ , ਬੜੇ ਹੀ ਸਵੈ ਵਿਸ਼ਵਾਸ਼ ਦੇ ਨਾਲ, ਇਨ੍ਹਾਂ ਉਪਰ ਵੀ ਬਹੁਤ ਨੇ ਕਿੰਤੂ ਪ੍ਰੰਤੂ , ਜਿਨ੍ਹਾਂ ‘ਤੇ ਲੋੜ ਹੈ ਨਿੱਠ ਕੇ ਚਰਚਾ ਕਰਨ ਦੀ !

ਰਾਮੂ: ਬਿਲਕੁਲ ਠੀਕ ! ਕਰ ਲਵਾਂਗੇ ਚਰਚਾ ! ਕਦਰਦਾਨੋ ......... ਮਿਹਰਬਾਨੋ...... ਪਰ ਮੈਂ ਇੱਕ ਗੱਲ ਆਪਣੇ ਜਮੂਰੇ ਬਣੇ ਉਸਤਾਦ ਨਾਲ ਸਾਂਝੀ ਕਰਨਾ ਚਾਹੁੰਦਾ ਹਾਂ ! ਵੇਖ ਜਮੂਰੇ ! ਮੈਂ ਆਲਮੀ ਤਪਸ਼ ਦੀ ਧਾਰਨਾ ਦੇ ਵਿਰੋਧ ਵਿੱਚ ਗੱਲ ਕੀਤੀ ਹੈ , ਹੋਰ ਵੀ ਕਰਾਂਗਾ ਪਰ ਕਿਸੇ ਭੀੜ ਤੰਤਰ ਨੇ ਮੇਰੇ ‘ਤੇ ਤਾਂ ਕੀਤਾ ਨਹੀਂ ਕੋਈ ਹਮਲਾ ! ਕਿਉਂ ਜਮੂਰੇ ?

ਮਹੇਸ਼: ਇਸ ਵਿੱਚ ਦੋ ਹੀ ਗੱਲਾਂ ਨੇ ! ਇੱਕ ਇਹ ਨੌਜੁਆਨ ਬਹੁਤ ਸੁਲਝਿਆ ਲੱਗਦਾ ਹੈ, ਚਰਚਾ ਦੇ ਨਿਯਮ ਜਾਣਦਾ ਹੈ ਤੇ ਉਨ੍ਹਾਂ ਦੀ ਕਦਰ ਕਰਦਾ ਹੈ ! ਦੂਜਾ ਇਹ ਕਿ ਇਸ ਇਕੱਠ ਨੇ ਅਹਿਦ ਕਰ ਲਿਆ ਸੀ ਕਿ ਇਸ ਖੇਡ ਉਪਰ ਭੀੜ ਤੰਤਰ ਦਾ ਹਮਲਾ ਜੇ ਹੁੰਦਾ ਹੈ ਤਾਂ ਉਸਦਾ ਡਟ ਕੇ ਮੁਕਾਬਲਾ ਕਰਨਗੇ ! ਵਿਗਿਆਨਕ ਵਿਚਾਰਧਾਰਾ ਅਤੇ ਵਿਚਾਰਾਂ ਦੀ ਆਜ਼ਾਦੀ ਦੇ ਪੱਖ ਵਿੱਚ ਡਟਣਗੇ !

ਰਾਮੂ: ਆਲਮੀ ਤਪਸ਼ ਕਾਰਨ ਵੱਧਦਾ ਤਾਪਮਾਨ ਠੰਢੇ ਯੱਖ ਸਾਏਬੇਰੀਆ ਵਿੱਚ ਫਸਲਾਂ ਦਾ ਉਤਪਾਦਨ ਵਧਾਏਗਾ !

ਮਹੇਸ਼: ਸਿਹਤ ਉਪਰ ਤਾਂ ਇਸਦਾ ਬੁਰਾ ਪ੍ਰਭਾਵ ਪਵੇਗਾ ਹੀ !

ਰਾਮੂ: ਵੇਖੋ ਜੀ ! ਇਹ ਤਾਂ ਆਪਣੀ ਪੀੜ੍ਹੀ ਦੇ ਹੀ ਕਥਨ ਭੁੱਲ ਗਏ ! ਲੋਕ ਕਹਿੰਦੇ ਹਨ 'ਸਰਦੀਆਂ ਅਮੀਰਾਂ ਲਈ ਤੇ ਗਰਮੀਆਂ ਗਰੀਬਾਂ ਲਈ' ! ਕਿਉਂ ਜੋ ਗਰਮੀਆਂ ਵਿੱਚ ਭੋਜਨ ਤੇ ਕੱਪੜਿਆਂ ਦੀ ਲੋੜ ਘੱਟ ਹੁੰਦੀ ਹੈ !

ਮਹੇਸ਼: ਵੇਖ ਉਸਤਾਦ ! ਹੁਣ ਜਿਆਦਾ ਨਾ ਬੜਕਾਂ ਮਾਰ ! ਗੱਲ ਕਰ ਤੱਥਾਂ ਦੇ ਨਾਲ !

ਰਾਮੂ: ਲਓ ਜੀ ਅਜੇ ਵੀ ਉਸਤਾਦ ਬਣਨੋ ਨਹੀਂ ਰਹਿ ਸਕਦੇ! ਸੰਸਾਰ ਭਰ ਦੇ ਸਿਹਤ ਦੇ ਅੰਕੜੇ ਦਰਸਾਉਂਦੇ ਨੇ ਕਿ ਸਰਦੀਆਂ ਵਿੱਚ ਬੱਚਿਆਂ, ਬਜੁਰਗਾਂ ਤੇ ਕਮਜੋਰਾਂ ਵਿੱਚ ਮੌਤ ਦਾ ਕਹਿਰ ਜਿਆਦਾ ਵਾਪਰਦਾ ਹੈ । ਦਿਲ ਦੇ ਦੌਰੇ ਤਾਂ ਸੱਭ ਤੋਂ ਵੱਧ ਪੈਂਦੇ ਹੀ ਸਰਦੀਆਂ ਵਿੱਚ ਨੇ !

ਦਰਸ਼ਕ : ਹਾਂ ਜੀ ਇਹ ਤਾਂ ਅਸੀਂ ਵੀ ਸੁਣਿਆ ਏ ਡਾਕਟਰਾਂ ਕੋਲੋਂ ਕਿ ਦਿਲ ਦੇ ਰੋਗੀਆਂ ਨੂੰ ਠੰਢ ਤੋਂ ਬਚ ਕੇ ਰਹਿਣਾ ਚਾਹੀਦਾ ਏ , ਦਸੰਬਰ ਜਨਵਰੀ ਵਿੱਚ ਸੱਭ ਤੋਂ ਜਿਆਦਾ ਡਰ ਹੁੰਦਾ ਵਾ !

ਰਾਮੂ: ਬਿਲਕੁਲ ਠੀਕ ! ਇੱਕ ਹੋਰ ਤੱਥ ਇਹ ਵੀ ਹੈ ਕਿ ਆਲਮੀ ਤਪਸ਼ ਕਾਰਨ ਅੰਧ ਮਹਾਸਾਗਰ ਅਤੇ ਪ੍ਰਸ਼ਾਂਤ ਮਹਾਸਾਗਰ ਦਰਮਿਆਨ ਉੱਤਰੀ ਧਰੁਵੀ ਰਸਤਾ ਖੁਲ੍ਹ ਜਾਂਦਾ ਹੈ ਜੋ ਵਪਾਰ ਵਾਸਤੇ ਬਹੁਤ ਹੀ ਲਾਭਦਾਇਕ ਹੈ, ਜਿਸ ਨਾਲ ਆਰਥਿਕ ਵਿਕਾਸ ਸਿੱਧਮ – ਸਿੱਧਾ ਜੁੜਿਆ ਹੈ !

ਨਰੇਸ਼ : ਇਹ ਵੀ ਤਸਵੀਰ ਦਾ ਇੱਕ ਹੀ ਪਾਸਾ ਹੈ !

ਰਾਮੂ: ਵਿਗਿਆਨੀ ਬਾਬੂ ! ਆਲਮੀ ਤਪਸ਼ ਨਾਲ ਵਰਖਾ ਵਿੱਚ ਆਏ ਬਦਲਾਅ ਅਮੇਜ਼ਾਨ ਘਾਟੀ ਦੇ ਵਰਖਾ ਵਣਾਂ ਨੂੰ ਜਿਆਦਾ ਹਰੇ ਭਰੇ ਕਰਣਗੇ, ਪੇੜ ਪੌਦੇ ਜਿਆਦਾ ਵਧਣ-ਫੁੱਲਣਗੇ, ਉਤਰੀ ਗੋਲਾਰਧ ਵਿੱਚ ਬਨਸਪਤੀ ਅਤੇ ਸਮੁੰਦਰਾਂ ਦੇ ਕੁੱਝ ਭਾਗਾਂ ਵਿੱਚ ਪਲੈਂਕਟੋਨਾਂ ਦੀ ਜੈਵ ਮਾਤਰਾ ਵਧ ਜਾਵੇਗੀ ?

ਨਰੇਸ਼ : ਪਰ ਇਹ ਅੱਧਾ ਅਧੂਰਾ ਸੱਚ ਹੈ ਜੋ ਝੂਠ ਨਾਲੋਂ ਵੀ ਖਤਰਨਾਕ ਹੁੰਦਾ ਹੈ !ਤੁਸੀਂ ਆਪਣਾ ਖੇਡ ਰੱਖੋ ਜਾਰੀ ਫਿਰ ਆਵੇਗੀ ਮੇਰੀ ਵਾਰੀ !

ਰਾਮੂ: ਲਓ ਜੀ ਵਿਗਿਆਨੀ ਬਾਬੂ ਨੇ ਤਾਂ ਬਿਨਾ ਕੁੱਝ ਕਹੇ ਹੀ ਖੜ੍ਹੇ ਕਰ ਦਿੱਤੇ ਸ਼ੰਕੇ ! ਚਲੋ ਹੋਰ ਵੇਖ ਲੈਂਦੇ ਹਾਂ ਕੀ ਹੈ ਮੇਰੇ ਝੋਲੇ ਦੇ ਵਿੱਚ !

ਮਹੇਸ਼: ਵਿਖਾ ਲੈ ਓਹ ਵੀ ! ਕਰਾਂਗੇ ਹਿਸਾਬ ਸੱਚ-ਝੂਠ ਦਾ ਬਾਅਦ ਵਿੱਚ !

ਰਾਮੂ: ਕੋਪਨਹੇਗਨ ਸਹਿਮਤੀ ਦੇ ਨਿਰਦੇਸ਼ਕ ਬਿਜੋਰਨ ਲੋਮਬਰਗ ਦਾ ਸੋਧਿਆ, ਸੰਸਾਰ ਦੇ ਮਸ਼ਹੂਰ ਅਰਥਸ਼ਾਸਤਰੀਆਂ ਦੀ ਟੋਲੀ ਦਾ ਪੜਚੋਲਿਆ, ਪ੍ਰੋਫੈਸਰ ਟੌਲ ਦਾ ਖੋਜ ਪੱਤਰ , " ਆਲਮੀ ਸਮੱਸਿਆਵਾਂ 'ਤੇ ਸੰਸਾਰ ਦਾ ਕਿੰਨਾ ਖਰਚਾ ਹੋਇਆ ਹੈ" ਵਿੱਚ ਨਤੀਜਾ ਨਿੱਕਲਿਆ ਹੈ ਕਿ ਜਲਵਾਯੂ ਬਦਲਾਅ ਨੇ ਵੀਹਵੀਂ ਸਦੀ ਦੌਰਾਨ ਮਨੁੱਖ ਦੇ ਅਤੇ ਧਰਤ ਗ੍ਰਹਿ ਦੇ ਕਲਿਆਣ ਵਿੱਚ ਵਾਧਾ ਕੀਤਾ ਹੈ ।

ਨਰੇਸ਼: ਇਸ 'ਤੇ ਆਪਣਾ ਪੱਖ ਮੈਂ ਰੱਖਾਂਗਾ ! ਤੁਸੀਂ ਆਪਣਾ ਪੱਖ ਪੇਸ਼ ਕਰੋ, ਜਲਦੀ ਖਤਮ ਕਰੋ !

**ਰਾਮੂ:** ਹਾਂ ਵਿਗਿਆਨੀ ਬਾਬੂ ! ਪ੍ਰੋਫੈਸਰ ਟੋਲ ਦਾ ਕਹਿਣਾ ਹੈ ਕਿ ਜਲਵਾਯੂ ਬਦਲਾਅ ਦੀ ਬਦੌਲਤ ਸੰਸਾਰ ਦਾ ਅਰਥਚਾਰਾ 1.4% ਵਧਿਆ ਹੈ, 2025 ਤੱਕ 1.5 % 'ਤੇ ਪਹੁੰਚ ਜਾਵੇਗਾ !

**ਮਹੇਸ਼:** ਵੇਖ ਉਸਤਾਦ ! ਗੱਲਾਂ ਤੇਰੀਆਂ ਵਿੱਚ ਕੁੱਝ ਦਮ ਤਾਂ ਲੱਗਦਾ ਹੈ ! ਪਰ ਤੈਨੂੰ ਜੋ ਸਮਾ ਮਿਲਿਆ ਹੈ ਉਸਦੇ ਵਿੱਚ ਹੀ ਕਰ ਲੈ ਆਪਣੀ ਪੇਸ਼ਕਾਰੀ ਪੂਰੀ , ਨਾ ਛੱਡੀਂ ਹੁਣ ਤੂੰ ਇਸਨੂੰ ਅਧੂਰੀ !

**ਰਾਮੂ:** ਵੇਖੋ ਜੀ ! ਆਲਮੀ ਤਪਸ਼ ਕਾਰਨ ਊਰਜਾ 'ਤੇ ਖਰਚਾ ਘੱਟਦਾ ਹੈ , ਖੇਤੀ ਉਤਪਾਦਨ ਵੱਧਦਾ ਹੈ , ਸੋਕੇ ਘੱਟਦੇ ਹਨ , ਜੈਵਿਕ ਵਿਭਿੰਨਤਾ ਵਿੱਚ ਇਜ਼ਾਫਾ ਹੁੰਦਾ ਹੈ, ਸਰਦੀਆਂ ਵਿੱਚ ਹੁੰਦੀਆਂ ਮੌਤਾਂ ਘਟਦੀਆਂ ਹਨ ।

**ਨਰੇਸ਼:** ਇੱਕਾ ਦੁੱਕਾ, ਅੱਧੀਆਂ ਅਧੂਰੀਆਂ, ਅਲਪ ਕਾਲੀਨ ਰਿਪੋਰਟਾਂ 'ਤੇ ਆਧਾਰਤ ਕੱਢੇ ਸਿੱਟਿਆਂ 'ਤੇ ਚੱਲ ਕੇ ਨੀਤੀ ਘੜਨਾ ਗੈਰ ਵਿਗਿਆਨਿਕ ਤਾਂ ਹੈ ਹੀ ਪਰ ਇਹ ਨਾ ਪੂਰਾ ਹੋਣ ਵਾਲਾ ਘਾਟਾ ਵੀ ਪਾਵੇਗਾ !

**ਰਾਮੂ:** ਵਿਗਿਆਨੀ ਬਾਬੂ ਜੀ ! ਮੈਂ ਤਾਂ ਕੋਈ ਵਿਗਿਆਨੀ ਹਾਂ ਨਹੀਂ ਤਮਾਸ਼ਾ ਵਿਖਾ ਕੇ ਪੇਟ ਪਾਲਦਾ ਹਾਂ, ਪਰ ਇਹ ਸੱਚ ਹੈ ਕਿ ਵਾਹ ਲੱਗਦੇ ਮੈਂ ਵੇਖ ਪਰਖ ਕੇ ਹੀ ਖੇਡਾ ਕਰਦਾ ਹਾਂ!

**ਮਹੇਸ਼:** ਅੱਛਾ ! ਚਲ ਜੋ ਕੱਢਣਾ ਹੈ ਜਲਦੀ ਕੱਢ ਆਪਣੇ ਇਸ ਠੂਸੇ ਹੋਏ ਪਿਟਾਰੇ 'ਚੋਂ!

**ਰਾਮੂ:** ਲਓ ਜੀ ! ਲਗਾਓ ਜਰਾ ਧਿਆਨ ਸੁਣ ਲਓ ਮੇਰਾ ਬਿਆਨ! ਬੋਸਟਨ ਯੂਨੀਵਰਸਿਟੀ ਦੇ ਡਾ. ਰੰਗਾ ਮਾਈਨੈਨੀ ਨੇ ਉਪਗ੍ਰਹਿਆਂ ਦੁਆਰਾ ਇਕੱਤਰ ਕੀਤੇ ਤਿੰਨ ਦਹਾਕਿਆਂ ਦੇ ਅੰਕੜਿਆਂ ਦੇ ਵਿਸ਼ਲੇਸ਼ਣ ਤੋਂ ਨਤੀਜਾ ਕੱਢਿਆ ਹੈ ਕਿ ਆਲਮੀ ਤਪਸ਼ ਨਾਲ ਧਰਤੀ ਦਾ ਹਰਿਆ ਭਰਿਆ ਰਕਬਾ 31% ਵਧਿਆ ਹੈ ਜਦ ਕਿ ਕੇਵਲ 3% ਉਪਰ ਹਰਿਆਲੀ ਘਟੀ ਹੈ। ਆਲਮੀ ਤਪਸ਼ ਕਾਰਨ ਸਾਹੇਲ ਵਿਖੇ ਫਸਲਾਂ ਚੰਗੀਆਂ ਹੋਣ ਕਰਕੇ ਭੁੱਖਮਰੀ ਘਟੀ ਹੈ ।

**ਮਹੇਸ਼:** ਹੋ ਗਿਆ ਇਸਦਾ ਖੇਡ ਖਤਮ ! ਹੁਣ ਅਗਲੇ ਦ੍ਰਿਸ਼ ਵਿੱਚ ਸੁਣਾਂਗੇ ਵਿਗਿਆਨੀ ਬਾਬੂ ਦੀ ਗੱਲ !

**## ਤਾੜੀਆਂ ਦਾ ਧੁਨੀ ਪ੍ਰਭਾਵ ##**

……**ਦ੍ਰਿਸ਼ ਬਦਲਾਅ ਸੰਗੀਤ**……

……**ਦ੍ਰਿਸ਼ ਦੂਜਾ**……

**ਆਬਰਾ ਦਾ ਡਾਬਰਾ… ਛੂ-ਮੰਤਰ… ਆਬਰਾ ਦਾ ਡਾਬਰਾ… ਨਿਕਲ ਬਾਹਰ**

……**ਵਸਤਾਂ ਗਿਰਨ ਦੀ ਆਵਾਜ**…… **!**

**ਦਰਸ਼ਕ:** (ਇਕ ਸੁਰ ਵਿਚ): ਹੈਂ … ਇਹ ਕੀ?

**ਨਰੇਸ਼ :** ਓਜ਼ੋਨ ਪਰਤ ਦੀ ਮੋਰੀ ਵਾਂਗ ਇਸ ਫਟੇ ਥੈਲੇ ਦੇ ਗੁਣਗਾਨ ਵਿੱਚੋਂ ਤਾਂ ਇਹੀ ਕੁੱਝ ਨਿਕਲਣਾ ਸੀ!

**ਮਹੇਸ਼:** ਵਿਗਿਆਨੀ ਬਾਬੂ ! ਜਮੂਰੇ ਦੇ ਕਥਨ ਕਹਿੰਦੇ ਸੀ ਤੁਸੀਂ, ਹਨ ਅੱਧੇ ਅਧੂਰੇ , ਕਰੋ ਉਨ੍ਹਾਂ ਨੂੰ ਹੁਣ ਤੁਸੀਂ ਹੀ ਪੂਰੇ !

**ਨਰੇਸ਼:** ਮੌਸਮ ਤੇਜੀ ਨਾਲ ਬਦਲ ਰਹੇ ਹਨ, ਗਰਮੀਆਂ ਜਿਆਦਾ ਪੈ ਰਹੀਆਂ ਹਨ, ਇਸੇ ਜੂਨ ਵਿੱਚ ਰਾਜਸਥਾਨ ਦੇ ਚੁਰੂ ਦਾ ਤਾਪਮਾਨ 50.8 ਅਤੇ ਧੌਲਪੁਰ ਦਾ 51 ਡਿਗਰੀ ਸੈਲਸੀਅਸ ਹੋ ਗਿਆ, ਸਰਦੀਆਂ ਛੋਟੀਆਂ ਹੋ ਰਹੀਆਂ ਹਨ , ਬਾਰਸ਼ਾਂ ਦਾ ਮਿਜਾਜ ਬਦਲ ਰਿਹਾ ਹੈ । ਝੱਖੜ ਤੁਫਾਨ , ਅਲ ਨੀਨੋ, ਲਾ ਨੀਨਾ ਤੇ ਫੇਲਿੰਗ ਵਰਗੇ ਸਮੁੰਦਰੀ ਤੁਫਾਨ ਤਬਾਹੀ ਮਚਾਉਂਦੇ ਰਹਿੰਦੇ ਹਨ ।

**ਮਹੇਸ਼:** ਪਰ ਇਸਦਾ ਜਲਵਾਯੂ ਬਦਲਾਅ ਤੇ ਆਲਮੀ ਤਪਸ਼ ਨਾਲ ਮੇਲ ਕਿਵੇਂ ਹੈ ?

**ਨਰੇਸ਼:** ਫਸਲਾਂ ਦੇ ਉਤਪਾਦਨ ਦੇ ਬਾਬਤ 'ਜਲਵਾਯੂ ਬਦਲਾਅ ਦੇ ਅੰਤਰ ਸਰਕਾਰੀ ਦਲ' ਦੇ ਕਥਨ ਨੂੰ ਜਮੂਰੇ ਨੇ ਇੰਨ-ਬਿੰਨ ਨਹੀਂ ਦੱਸਿਆ ! ਦਲ ਨੇ ਤਾਂ ਸਿੱਟਾ ਕੱਢਿਆ ਹੈ ਕਿ ਸਾਰਾ ਘਾਟ ਵਾਧ ਮਿਲਾ ਕੇ ਅੰਤਮ ਸਬੂਤਾਂ ਅਨੁਸਾਰ ਆਲਮੀ ਤਪਸ਼ ਦੀ ਕੀਮਤ ਜਿਆਦਾ ਤਾਰਨੀ ਪਵੇਗੀ । ਫਾਇਦੇ ਘੱਟ ਤੇ ਨੁਕਸਾਨ ਵੱਧ ਹਨ !

**ਮਹੇਸ਼:** ਵਿਗਿਆਨੀ ਬਾਬੂ ! ਕੀ ਤੁਸੀਂ ਕਿਸੇ ਹੋਰ ਮਾਹਰ ਨਾਲ ਗੱਲ ਕਰਵਾ ਕੇ ਇਸ ਨਵੇਂ ਮਦਾਰੀ ਵੱਲੋਂ ਖੜ੍ਹੇ ਕੀਤੇ ਸ਼ੰਕੇ ਦੂਰ ਕਰਵਾ ਸਕਦੇ ਹੋ ?

**ਨਰੇਸ਼** : ਹਾਂ ! ਤੁਹਾਨੂੰ ਸਾਰਿਆਂ ਨੂੰ ਇੱਕ ਮਸ਼ਹੂਰ ਵਿਗਿਆਨੀ ਦੇ ਸਾਹਮਣੇ ਲੈ ਜਾਵਾਂਗਾ !

**ਦਰਸ਼ਕ:** ਸੱਚੀ ਮੁੱਚੀ ਤੁਸੀਂ ਸਾਨੂੰ ਕਿਸੇ ਮਹਾਨ ਵਿਗਿਆਨੀ ਨਾਲ ਮਿਲਾਉਗੇ ? ਉਹ ਕਿਵੇਂ ?

**ਨਰੇਸ਼:** ਸਾਡੀ ਯੂਨੀਵਰਸਿਟੀ ਵਿੱਚ ਪ੍ਰੋ. ਕ੍ਰਿਸ਼ਨਾ ਕੱਲ੍ਹ ਨੂੰ ਇਸੇ ਵਿਸ਼ੇ 'ਤੇ ਇੱਕ ਜਨਤਕ ਚਰਚਾ ਕਰਨਗੇ! ਉਥੇ ਅੱਜ ਦੇ ਅੱਧੇ ਅਧੂਰੇ ਸੱਚ ਨਾਲ ਤੁਹਾਡੇ ਮਨਾ ਵਿੱਚ ਪੈਦਾ ਹੋਏ ਸ਼ੰਕਿਆਂ ਦੀ ਨਵਿਰਤੀ ਕਰਵਾਈ ਜਾਵੇਗੀ ।

**ਮਹੇਸ਼, ਰਾਮੂ ਤੇ ਦਰਸ਼ਕ:** ਪਰ ਉਸ ਵਿੱਚ ਅਸੀਂ ਕਿਵੇਂ ਆਵਾਂਗੇ ?

**ਨਰੇਸ਼** : ਅਹਿਮ ਜਨਤਕ ਮੁੱਦਾ ਹੈ ਵਾਦ ਵਿਵਾਦ ਦੇ ਨਬੇੜੇ ਵਾਸਤੇ ਇਸ ਚਰਚਾ ਵਿੱਚ ਸਭ ਨੂੰ ਖੁੱਲ੍ਹਾ ਸੱਦਾ ਹੈ, ਸਾਰੇ ਆਪਣੇ ਅਨੁਭਵ ਤੇ ਵਿਚਾਰ ਸਾਂਝੇ ਕਰ ਸਕਦੇ ਹਨ।

**ਇਕ ਸੁਰ ਵਿਚ** : ਅਸੀਂ ਵੀ ਆਵਾਂਗੇ... ਵਿਗਿਆਨੀ ਬਾਬੂ!

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਤੀਜਾ**......

(ਸਵੇਰ ਦਾ ਸਮਾਂ, ਪੰਛੀਆਂ ਦੀ ਚਹਿਚਹਾਟ... ਆਮ ਲੋਕਾਂ ਦਾ ਸ਼ੋਰ... ਵਿਦਿਆਰਥੀਆਂ ਦਾ ਆਉਣ ਜਾਣਾ। ਮਾਈਕ ਧੁਨੀ ਪ੍ਰਭਾਵ)

**ਨੇਹਾ** : ਨਮਸਕਾਰ! ਸ਼ਾਰੇ ਮਹਿਮਾਨਾਂ ਦਾ ਸਵਾਗਤ ! ਤੁਸੀਂ ...ਮਹੇਸ਼ ਅਤੇ ਇਹ ਨਵਾਂ ਮਦਾਰੀ ਮਤਲਬ... ਜਮੂਰਾ (ਹੱਸਦੇ ਹੋਏ)

**ਮਹੇਸ਼** : ਨਮਸਤੇ ਮੈਡਮ! ਤੁਸੀਂ ਸਹੀ ਪਹਿਚਾਨਿਆ!ਖੋਜੀ ਜੋ ਹੋਏ !

ਨੇਹਾ : (ਹੱਸਦੇ ਹੋਏ) ਮਹੇਸ਼...ਤੁਸੀਂ ਤਾਂ ਸਦਾ ਹੀ ਆਪਣੀ ਕਲਾ ਦੇ ਜੌਹਰਾਂ ਰਾਹੀਂ ਲੋਕਾਂ ਨੂੰ ਕੁਝ ਨਵਾਂ ਕਰਨ ਲਈ ਪ੍ਰੇਰਿਤ ਕਰਦੇ ਹੋ।

ਨਰੇਸ਼ : ਚਲੋ ! ਚਲ ਕੇ ਆਪਣੀਆਂ ਸੀਟਾਂ 'ਤੇ ਬੈਠ ਜਾਓ।

## ਧੁਨੀ ਪ੍ਰਭਾਵ... ਮਾਈਕ ##

ਨਰੇਸ਼ : ਹੈਲੋ-ਹੈਲੋ! ਅੱਜ ਇਸ ਖੁੱਲ੍ਹੇ ਸੈਸ਼ਨ ਵਿਚ ਗਲੋਬਲ ਵਾਰਮਿੰਗ ਦੇ ਫਾਇਦਿਆਂ ਬਾਬਤ ਚਰਚਾ ਹੋਵੇਗੀ! ਪਰਖਾਂਗੇ ਕਿ ਪ੍ਰਚਾਰੇ ਜਾਂਦੇ ਫਾਇਦੇ ਕੀ ਸੱਚ ਮੁੱਚ ਹਕੀਕੀ ਤੇ ਸਰਬਵਿਆਪੀ ਹਨ ?

## (ਮਹਿਮਾਨਾਂ ਦਾ ਆਉਣਾ), ਤਾੜੀਆਂ ਦਾ ਧੁਨੀ ਪ੍ਰਭਾਵ ##

ਨੇਹਾ : ਨਮਸਕਾਰ! ਤੁਹਾਡਾ ਸਵਾਗਤ ਹੈ! ਇਸ ਚਰਚਾ ਨੂੰ ਸੁਰੂ ਕਰਨ ਵਾਸਤੇ ਮੈਂ ਭਾਰਤੀ ਰਾਸ਼ਟਰੀ ਵਿਗਿਆਨ ਅਕਾਦਮੀ ਦੇ ਮੈਂਬਰ, ਅੱਜ ਦੀ ਚਰਚਾ ਦੇ ਸੰਚਾਲਕ ਪ੍ਰੋ. ਕ੍ਰਿਸ਼ਨਾ ਨੂੰ ਸੱਦਾ ਦਿੰਦੀ ਹਾਂ।

## ਧੁਨੀ ਪ੍ਰਭਾਵ ##

ਪ੍ਰੋ. ਕ੍ਰਿਸ਼ਨਾ : ਨੇਹਾ, ਨਰੇਸ਼, ਅਧਿਆਪਕ ਸਾਹਿਬਾਨ, ਡੀਨ, ਸਭ ਨੂੰ ਮੇਰਾ ਪ੍ਰਣਾਮ! ਅੱਜ ਅਸੀਂ ਵੱਧਦੇ ਤਾਪਮਾਨ ਦੇ ਪ੍ਰਚਾਰੇ ਜਾਂਦੇ ਫਾਇਦਿਆਂ ਦੀ ਹਕੀਕਤ 'ਤੇ ਚਰਚਾ ਕਰਾਂਗੇ!

ਰਾਮੂ : ਸਰ! ਕਿਹਾ ਜਾਂਦਾ ਹੈ ਕਿ ਸਰਦੀਆਂ ਵਿੱਚ ਮੌਤਾਂ ਜਿਆਦਾ ਹੁੰਦੀਆਂ ਹਨ ਪਰ ਤਾਪਮਾਨ ਵਧਣ ਨਾਲ ਮੌਤ ਦਰ ਘੱਟਦੀ ਹੈ ਵਿਸ਼ੇਸ਼ ਕਰਕੇ ਬਜੁਰਗਾਂ ਤੇ ਬੱਚਿਆਂ ਵਿੱਚ !

ਪ੍ਰੋ. ਕ੍ਰਿਸ਼ਨਾ : ਪਰ ਗਰਮੀ ਦੀ ਲੂ ਨਾਲ ਬੱਚਿਆਂ ਤੇ ਬਜੁਰਗਾਂ ਵਿੱਚ ਮੌਤ ਦਰ ਪੰਜ ਗੁਣਾ ਹੋ ਜਾਂਦੀ ਹੈ । ਗਰਮੀਆਂ ਵਧਣ ਨਾਲ ਬਿਮਾਰੀਆਂ ਫੈਲਾਉਣ ਵਾਲੇ ਮੱਖੀ-ਮੱਛਰਾਂ ਦੇ ਕਾਰਨ ਮਲੇਰੀਆ ਆਦਿ ਜਿਆਦਾ ਫੈਲਦੇ ਹਨ ਅਤੇ ਦਿਮਾਗੀ ਮਲੇਰੀਆ ਦੇ ਵਧਣ ਨਾਲ ਮੌਤ ਦਰ ਵੱਧਦੀ ਹੈ ।

ਮਹੇਸ਼: : ਸਰ ਆਲਮੀ ਤਪਸ਼ ਪੈਦਾ ਕਰਨ ਵਾਲੀ ਕਾਰਬਨਡਾਈਅਕਸਾਈਡ ਦੇ ਵਧਣ ਨਾਲ ਕਹਿੰਦੇ ਨੇ ਫਸਲਾਂ ਦਾ ਉਤਪਾਦਨ ਵੱਧਦਾ ਹੈ !

ਪ੍ਰੋ. ਕ੍ਰਿਸ਼ਨਾ : ਫਸਲਾਂ ਦੇ ਉਤਪਾਦਨ ਲਈ ਕੇਵਲ ਕਾਰਨਡਾਈਅਕਸਾਈਡ ਨਹੀਂ ਸਗੋਂ ਹੋਰ ਵੀ ਬਹੁਤ ਸਾਰੇ ਮਹੱਤਵਪੂਰਨ ਕਾਰਕ ਹਨ!ਗਰਮੀ ਕਾਰਨ ਲੱਗਣ ਵਾਲੀਆਂ ਅੱਗਾਂ, ਮੌਸਮਾਂ ਦਾ ਤੇਜ ਬਦਲਾਅ, ਆਲਮੀ ਤਪਸ਼ ਕਾਰਨ ਪੈਦਾ ਹੋਈ ਪਾਣੀ ਦੀ ਕਮੀ ਅਤੇ ਪਹਿਲਾਂ ਹੀ ਗਰਮ ਮੁਲਕਾਂ ਵਿੱਚ ਉਤਪਾਦਨ ਨੂੰ ਵੱਡੇ ਪੱਧਰ 'ਤੇ ਘਟਾਉਂਦੇ ਹਨ ।

ਰਾਮੂ: : ਸਰ! ਓਜ਼ੋਨ ਪਰਤ ਦੀ ਮੋਰੀ ਨੂੰ ਤਾਂ ਕਾਰਬਨਡਾਈਅਕਸਾਈਡ ਬੰਦ ਹੀ ਕਰਦੀ ਹੈ ?

ਪ੍ਰੋ. ਕ੍ਰਿਸ਼ਨਾ : ਓਜ਼ੋਨ ਪਰਤ ਦੀ ਮੋਰੀ ਦੇ ਬੰਦ ਹੋਣ ਦਾ ਵੱਡਾ ਕਾਰਨ ਹੈ ' ਕਲੋਰੀਨ, ਬਰੋਮੀਨ ਤੇ ਫਲੋਰੀਨ ਯੁਕਤ ਕਾਰਬਨ ਗੈਸਾਂ ਨੂੰ ਘਟਾਉਣਾ ਜਿਸ ਨਾਲ ਓਜ਼ੋਨ ਦਾ ਨਸ਼ਟ ਹੋਣਾ ਘਟਿਆ ਹੈ । ਵਾਯੂਮੰਡਲ ਦੀ ਨਿਚਲੀ ਪਰਤ ਵਿੱਚ ਆਲਮੀ ਤਪਸ਼ ਲਈ ਸੱਭ ਤੋਂ ਵੱਡੇ ਕਾਰਕ ਕਾਰਬਨਡਾਈਅਕਸਾਈਡ ਨੂੰ ਵਧਾ ਕੇ ਓਜ਼ੋਨ ਘਟਾਉਣ ਦਾ ਕੀ ਫਾਇਦਾ ?

ਮਹੇਸ਼: ਸਰ ! ਆਲਮੀ ਤਪਸ਼ ਕਾਰਨ ਹਰਿਆਲੀ ਵਧਣ ਨਾਲ ਜੀ ਡੀ ਪੀ ਤਾਂ ਵਧੇਗਾ ਹੀ ?

ਪ੍ਰੋ. ਕ੍ਰਿਸ਼ਨਾ : ਜੀ ਡੀ ਪੀ ਹਰਿਆਲੀ ਵਰਗੇ ਕਿਸੇ ਇੱਕ ਕਾਰਕ ‘ਤੇ ਨਿਰਭਰ ਨਹੀਂ! ਪਰ ਕਾਰਬਨ ਪ੍ਰਦੂਸ਼ਨ ਸਾਰੇ ਕਾਰਕਾਂ ਵਿੱਚੋਂ ਅਹਿਮ ਹੈ ! ਕਾਰਬਨ ਪ੍ਰਦੂਸ਼ਨ ਨੂੰ ਸੀਮਤ ਕਰਨ ਨਾਲ ਅਮਰੀਕਾ ਦਾ ਜੀਡੀ ਪੀ 15,500 ਕਰੋੜ ਡਾਲਰ ਸਾਲਾਨਾ ਵਧ ਜਾਵੇਗਾ ! ਅਗਲੇ ਦੋ ਦਹਾਕਿਆਂ ਵਿੱਚ ਬਿਜਲੀ ਵਿੱਚ ਕਾਰਬਨ ਘਟਾ ਕੇ ਇੱਕ ਲੱਖ ਅੱਸੀ ਹਜਾਰ ਕਰੋੜ ਦੀ ਬੱਚਤ ਹੋ ਸਕਦੀ ਹੈ !

ਰਾਮੂ: ਬਰਫ ਪਿਘਲਣ ਦੇ ਨਾਲ ਅੰਧ ਮਹਾਸਾਗਰ ਅਤੇ ਪ੍ਰਸ਼ਾਂਤ ਮਹਾਸਾਗਰ ਦਰਮਿਆਨ ਉੱਤਰੀ ਧਰੁਵੀ ਰਸਤਾ ਖੁਲ੍ਹਣ ਨਾਲ ਵਪਾਰ ਤਾਂ ਵਧੇਗਾ ਹੀ !

ਪ੍ਰੋ. ਕ੍ਰਿਸ਼ਨਾ : ਹਾਂ ਵਧੇਗਾ ਵਪਾਰ! ਪਰ ਧਰੁਵੀ ਰਿੱਛ ਦਾ ਰੈਣ ਬਸੇਰਾ ਖੁੱਸ ਜਾਵੇਗਾ, ਬਰਫ ਦੇ ਤੋਦੇ ਸਮੁੰਦਰੀ ਬੇੜਿਆਂ ਦਾ ਚੱਲਣਾ ਦੁੱਭਰ ਕਰ ਦੇਣਗੇ! ਉਤਰੀ ਟੁੰਡਰਾ ਦਾ ਤਾਪਮਾਨ ਵਧਣ ਨਾਲ ਹਰਿਤ ਘਰ ਪ੍ਰਭਾਵ ਗੈਸ ਮੀਥੇਨ ਦਾ ਉਤਸਰਜਨ ਵਧੇਗਾ !

ਮਹੇਸ਼: ਸਰ! ਵਾਧੂ ਕਾਰਬਨ ਡਾਈਅਕਸਾਈਡ ਦਾ ਸੋਖਣ ਤਾਂ ਸਮੁੰਦਰ ਹੀ ਕਰ ਲੈਣਗੇ ! ਸਾਡੇ ਵਿਕਾਸ ਮਾਡਲ ਕਾਰਬਨ ਡਾਈਅਕਸਾਈਡ ਦੇ ਵੱਧ ਉਤਸਰਜਨ ਦਾ ਤਾਂ ਕੋਈ ਨੁਕਸਾਨ ਹੀ ਨਹੀਂ ! ਪਰ ਇਹ ਮਾਡਲ ਲੱਖਾਂ ਲੋਕਾਂ ਲਈ ਰੁਜਗਾਰ ਪੈਦਾ ਕਰਨ ਕਰਕੇ ਫਾਇਦੇਮੰਦ ਤਾਂ ਹੈ ਹੀ !

ਪ੍ਰੋ. ਕ੍ਰਿਸ਼ਨਾ : ਇਹ ਧਾਰਣਾ ਸਹੀ ਨਹੀਂ ! ਵਾਧੂ ਕਾਰਬਨ ਡਾਈਅਕਸਾਈਡ ਸੋਖਣ ਕਰਕੇ ਸਮੁੰਦਰੀ ਜਲ ਦਾ ਤੇਜਾਬੀਪਨ ਵਧ ਜਾਵੇਗਾ।ਇਹ ਜਲ ਜੀਵਣ ਦੀ ਹਰੇਕ ਕੜੀ ਨੂੰ ਤੇ ਭੋਜਨ ਲੜੀ ਨੂੰ ਕਰ ਦੇਵੇਗਾ ਅਸਤ ਵਿਅਸਤ!

ਰਾਮੂ: ਸਰ ! ਆਲਮੀ ਤਪਸ਼ ਕਾਰਨ ਵਰਖਾ ਵਧਣ ਨਾਲ ਵਰਖਾ ਵਣ ਤਾਂ ਜਿਆਦਾ ਹਰੇ ਭਰੇ ਹੋ ਹੀ ਜਾਣਗੇ !

ਪ੍ਰੋ. ਕ੍ਰਿਸ਼ਨਾ : ਇਸਦਾ ਵੀ ਦੂਜਾ ਪਾਸਾ ਹੈ ! ਸਮੁੰਦਰ ਵਿੱਚ ਆਕਸੀਜਨ ਦੀ ਥੁੜ ਵਾਲੇ ਖਿਤੇ ਬਣ ਜਾਣਗੇ ! ਜਿਆਦਾ ਅੱਗਾਂ ਲੱਗਣਗੀਆਂ, ਔੜ ਕਰਕੇ ਵੱਡੇ ਪੱਧਰ ‘ਤੇ ਹਰਿਆਲੀ ਨਸ਼ਟ ਹੋ ਜਾਵੇਗੀ, ਮੂੰਗੇ ਵਿਲੁਪਤ ਹੋ ਜਾਣਗੇ , ਪੰਛੀਆਂ ਤੇ ਜਾਨਵਰਾਂ ਦੇ ਪ੍ਰਵਾਸ ਵਿੱਚ ਵੱਡੇ ਬਦਲਾਅ ਆਉਣਗੇ , ਭੋਜਨ ਲੜੀ ਵਿੱਚ ਖਲਲ ਪਵੇਗਾ ਤੇ ਬਹੁਤ ਸਾਰੀਆਂ ਪ੍ਰਜਾਤੀਆਂ ਖਤਮ ਹੋ ਜਾਣਗੀਆਂ ।

ਮਹੇਸ਼: ਸਰ ਕੀ ਅਰਥਚਾਰੇ ਨੂੰ ਫਸਲਾਂ ਦਾ ਝਾੜ ਵਧਣ ਕਰਕੇ, ਹਰਿਆਲੀ ਵਧਣ ਕਰਕੇ ਤੇ ਵਪਾਰ ਦੇ ਰਸਤੇ ਖੁੱਲ੍ਹਣ ਕਰਕੇ ਹੋਣ ਵਾਲੇ ਫਾਇਦੇ ਬੇ-ਮਾਇਨੇ ਹਨ ?

ਪ੍ਰੋ. ਕ੍ਰਿਸ਼ਨਾ : ਹਾਂ ! ਸਮੁੰਦਰਾਂ ਦੇ ਚੜ੍ਹਣ ਨਾਲ ਟਾਪੂ ਜਲ ਮਗਨ ਹੋ ਜਾਣਗੇ, ਤਟ ਵਰਤੀ ਲੁਕਈ ਬੁਰੀ ਤਰ੍ਹਾਂ ਪ੍ਰਭਾਵਤ ਹੋਵੇਗੀ , ਉਜਾੜਾ ਹੋਵੇਗਾ ਤੇ ਬੇਲੋੜਾ ਪ੍ਰਵਾਸ ਜਿੱਥੇ ਆਰਥਿਕ ਵਿਕਾਸ ਵਿੱਚ ਰੋਕ ਬਣੇਗਾ ਉਥੇ ਸਮਾਜਿਕ ਤਨਾਅ ਨੂੰ ਵੀ ਵਧਾਏਗਾ ! ਕਿਰਤ ਬਾਜਾਰ, ਆਲਮੀ ਵਪਾਰ , ਊਰਜਾ ਲੋੜਾਂ , ਬੈਂਕਾਂ ਤੇ ਵਿਤੀ ਅਦਾਰੇ ਦਬਾਅ ਹੇਠ ਆ ਜਾਣਗੇ , ਖ੍ਰੀਦਦਾਰ ਰਹਿਣਗੇ ਨਹੀਂ, ਵਿਕਸਿਤ ਤੇ ਵਿਕਾਸਸੀਲ, ਦੋਹਾਂ ਗੁੱਟਾਂ ਦੇ ਦੇਸਾਂ ਨੂੰ ਭਾਰੀ ਆਰਥਕ ਮੰਦੀ ਦਾ ਸਾਹਮਣਾ ਕਰਨਾ ਪਵੇਗਾ !

**ਨਰੇਸ਼:** ਲਓ ਜੀ ਪ੍ਰੋਫੈਸਰ ਸਾਹਿਬ ਨੇ ਤਾਂ ਕਰ ਦਿੱਤੀ ਹੈ ਨਵਿਰਤੀ ਸਾਰੇ ਸ਼ੰਕਿਆਂ ਦੀ, ਵਿਗਿਆਨਿਕ ਨਿਯਮਾਂ ਤੇ ਅੰਕੜਿਆਂ ਦੇ ਵਿਸਤਾਰ ਦੇਕੇ !

**ਨੇਹਾ** : ਪ੍ਰੋ. ਸਾਹਿਬ... ਤੁਹਾਡਾ ਬਹੁਤ ਬਹੁਤ ਧੰਨਵਾਦ। ਮੈਂ ਪ੍ਰਿੰਸੀਪਲ ਸਰ ਅਤੇ ਡੀਨ ਸਰ ਦਾ ਵੀ ਸ਼ੁਕਰੀਆ ਕਰਨਾ ਚਾਹਾਂਗੀ, ਜਿਨ੍ਹਾਂ ਨੇ ਇਸ ਖੁੱਲ੍ਹੇ ਸੈਸ਼ਨ ਦਾ ਆਯੋਜਨ ਕਰਨ ਵਾਸਤੇ ਸਹਿਮਤੀ ਦਿੱਤੀ ! ਬਾਕੀ ਸਭ ਦਾ ਵੀ ਧੰਨਵਾਦ!

**### ਸਮਾਪਨ ਸੰਗੀਤ ###**

**ਪ੍ਰਸ਼ਨ**

**ਪ੍ਰਸ਼ਨ 1** : **ਕਾਰਬਨ ਡਾਈ ਅਕਸਾਈਡ ਦੇ ਵਧਣ ਦਾ ਓਜ਼ੋਨ ਉਪਰ ਕੀ ਹੈ ਪ੍ਰਭਾਵ ?**

**ਉੱਤਰ** : **ਕਾਰਬਨ ਡਾਈ ਅਕਸਾਈਡ ਓਜ਼ੋਨ ਦੇ ਵਿਘਟਨ ਨੂੰ ਜੋ ਨਾਈਟਰੋਜਨ ਅਕਸਾਈਡ ਕਰਦਾ ਹੈ ਨੂੰ ਰੋਕਦੀ ਹੈ, ਜਿਸ ਕਰਕੇ ਓਜ਼ੋਨ ਪਰਤ ਦੀ ਮੋਰੀ ਦੀ ਮੁਰੰਮਤ ਹੋ ਜਾਂਦੀ ਹੈ !**

**ਪ੍ਰਸ਼ਨ 2** : **ਆਲਮੀ ਤਪਸ਼ ਅਤੇ ਜਲਵਾਯੂ ਬਦਲਾਅ ਦੇ ਦੱਸੇ ਜਾਂਦੇ ਫਾਇਦੇ ਸਮੁੱਚੇ ਵਰਤਾਰੇ ਵਿੱਚ ਕਿੰਨੇ ਕੁ ਹਕੀਕੀ ਹਨ ?**

**ਉੱਤਰ** : **ਸਮੁੱਚੇ ਰੂਪ ਵਿੱਚ ਗਣਨਾ ਕਰਨ ‘ਤੇ ਤਾਂ ਕਾਰਬਨਡਾਈ ਅਕਸਾਈਡ ਦੇ ਉਤਸਰਜਨ ਵਧਣ ਨਾਲ ਕੁੱਲ ਮਿਲਾ ਕੇ ਹਰ ਖੇਤਰ ਵਿੱਚ ਫਾਇਦਿਆਂ ਦੇ ਮੁਕਾਬਲੇ ਨੁਕਸਾਨ ਵੱਧ ਹਨ।**

**..................................................................**